ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com ਜਿਲਦ-24 ਨੰਬਰ-17

10 ਤੋਂ 16 ਹਾੜ੍ਹ 2073 - 23 to 29 June 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਲਿਵ ਪ੍ਰਭੂ ਚਰਨਾਂ ਨਾਲ



ਜਿਸ ਮਹਾਪੁਰਸ਼ ਦੀ ਲਿਵ ਪ੍ਰਭੂ ਚਰਨਾਂ ਨਾਲ ਲਗੀ ਹੈ ਉਹ ਪ੍ਰਭੂ ਦੇ ਸਿਵਾ ਹੋਰ ਕੋਈ ਗੱਲ ਨਹੀਂ ਕਰਦਾ। ਇਸ ਸੱਚ ਦਾ ਪ੍ਰਗਟਾਵਾ ਹੁਕਮਨਾਮਿਆਂ ਵਿੱਚ ਸਪਸ਼ਟ ਤੌਰ ਤੇ ਹੋਇਆ ਹੈ।

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਥਾਈਲੈਂਡ ਦੌਰਾ ਜੂਨ 2016

## ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ ਬੰਕੌਕ ਅਤੇ ਚਿੰਗਮਈ ਵਿਖੇ ਮੇਲੇ



**ਬੰਕੋਕ (ਥਾਈਲੈਂਡ) ਨਾਮਧਾਰੀ ਗੁਰਦੁਆਰਾ ਸੋਇ ਅਸੋਕ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਆਪਣੇ ਆਸਣ ਤੇ ਸੁਭਾਇਮਾਨ, ਸਾਧ-ਸੰਗਤ ਨੂੰ ਦਰਸ਼ਨ ਦੀਦਾਰੇ ਬਖ਼ਸ਼ਦੇ ਹੋਏ ਨਾਲ ਹਨ ਸਿੱਖ ਸੇਵਕ।**

**ਬੰਕੋਕ, 10 ਜੂਨ :** ਸ੍ਰੀ ਸਤਿਗੁਰੂ ਉਦੈ ਸਿੰਘ ਜੀ ਸੱਚੇ ਪਾਤਿਸ਼ਾਹ, ਬੀਬੀ ਗੁਰਸ਼ਰਨ ਕੌਰ ਜੀ ਅੱਜ ਦਿੱਲੀ ਇੰਦਰਾਂ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਤੋਂ ਥਾਈ ਏਅਰਵੇਜ਼ ਦੀ ਫਲਾਈਟ ਰਾਹੀਂ ਆਪਣੇ ਸਿੱਖਾਂ ਸੇਵਕਾਂ ਸਮੇਤ ਬੰਕੌਕ ਦੇ ਸਵਰਨਭੂਮੀ ਏਅਰਪੋਰਟ ਤੇ ਦਰਸ਼ਨ ਦਿੱਤੇ। ਆਪ ਜੀ ਨਾਲ ਭਾਰਤ ਤੋਂ ਸੇਵਕ ਆਸਾ ਸਿੰਘ, ਸਤਨਾਮ ਸਿੰਘ, ਸੁਖਵਿੰਦਰ ਸਿੰਘ ਰਣਜੀਤ ਸਿੰਘ ਆਏ ਨਾਲ ਹੀ ਦਿੱਲੀ ਤੋ ਨੌਜਵਾਨ ਹਰਜੀ ਸਿੰਘ ਤੇ ਹਰਪਾਲ ਸਿੰਘ ਯਮੁਨਾਨਗਰ ਵੀ ਹੁਕਮ ਅਨੁਸਾਰ ਭਾਰਤ ਤੋ ਆਏ। ਸ਼ਾਮ 5:30 ਵਜੇ ਬੰਕੋਕ ਪੁੱਜਣ ਸਮੇਂ ਆਪ ਜੀ ਦੇ ਸਵਾਗਤ ਲਈ ਏਅਰਪੋਰਟ ਤੇ ਸੇਠ ਤਰਨ ਸਿੰਘ ਚਾਵਲਾ, ਸੰਤ ਮਹਿੰਦਰ ਸਿੰਘ ਪ੍ਰੀਤ, ਨਾਰਿਨ ਗੋਰੋਵਾਰਾ, ਜਗਜੀਵਨ ਸਿੰਘ ਇੰਡੋ ਥਾਈ, ਸੇਠ ਅਛਰਜੀਤ ਸਿੰਘ ਚਿੰਗਮਈ, ਸੇਠ ਮਹਿਤਾਬ ਸਿੰਘ, ਬੀਬੀ ਕੰਵਲਜੀਤ ਕੌਰ, ਅਰਿੰਦਰ ਸਿੰਘ ਟਿੱਲੂ, ਸਮੇਤ ਬਹੁਤ ਸਾਰੇ ਸਿੱਖ ਸੰਗਤ ਏਅਰਪੋਰਟ ਆਈ ਹੋਈ ਸੀ। ਸਤਿਗੁਰੂ ਜੀ ਦੇ ਪੁਸ਼ਪ ਮਾਲਾ ਪਹਿਨਾ ਕੇ ਜੈਕਾਰੇ ਲਗਾ ਕੇ ਨਿੱਘਾ ਸਵਾਗਤ ਕੀਤਾ ਗਿਆ।

(ਬਾਕੀ ਸਫਾ 2 'ਤੇ)

# ਬਾਬਾ ਬੰਦਾ ਸਿੰਘ ਬਹਾਦੁਰ ਦਾ 300 ਸਾਲਾ ਸ਼ਹੀਦੀ ਦਿਵਸ ਮਨਾਇਆ

**ਦਿੱਲੀ, 19 ਜੂਨ :** ਅੱਜ ਇਥੇ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਮਹਾਨ ਸੂਰਬੀਰ ਯੋਧਾ ਬਾਬਾ ਬੰਦਾ ਸਿੰਘ ਬਹਾਦੁਰ ਦਾ 300ਵਾਂ ਸਾਲਾ ਸ਼ਹੀਦੀ ਦਿਵਸ ਨਾਮਧਾਰੀ ਸਾਧ-ਸੰਗਤ ਨੇ ਬੜੀ ਸ਼ਰਧਾ ਨਾਲ ਮਨਾਇਆ। 9 ਜੂਨ 1716 ਈ. ਨੂੰ ਦਿੱਲੀ ਸਥਿਤ ਮਹਿਰੋਲੀ (ਕੁਤੁਬਮੀਨਾਰ ਦੇ ਨਜਦੀਕ) ਵਿਖੇ ਉਹਨਾਂ ਨੂੰ ਅਤੇ ਉਹਨਾਂ ਦੇ ਪੁੱਤਰ ਬਾਬਾ ਅਜੈ ਸਿੰਘ ਨੂੰ ਝਿੰਝੋੜਣ ਵਾਲੇ ਦੁੱਖ ਭਰੇ ਤਸੀਹੇ ਦਿੱਤੇ ਅਤੇ ਉਹਨਾਂ ਦੇ ਪੁੱਤਰ ਦਾ ਜਿਗਰ ਕੱਢ ਕੇ ਉਹਨਾਂ ਦੇ ਪਿਤਾ ਬਾਬਾ ਬੰਦਾ ਸਿੰਘ ਬਹਾਦੁਰ ਦੇ ਮੂੰਹ ਵਿੱਚ ਪਾਇਆ ਗਿਆ ਅਤੇ ਉਹਨਾਂ ਦੇ ਅੰਗ-ਅੰਗ ਕੱਟ ਦਿੱਤੇ। ਅੱਜ ਵੀ ਮਹਿਰੋਲੀ ਵਿਖੇ ਉਹਨਾਂ ਦੀ ਯਾਦ ਵਿੱਚ ਬਣੇ ਗੁਰਦੁਆਰੇ ਵਿੱਚ ਸਾਧ-ਸੰਗਤ ਨਤਮਸਤਕ ਹੋ ਉਹਨਾਂ ਨੂੰ ਯਾਦ ਕਰ ਆਪਣੇ ਸ਼ਰਧਾ ਸੁਮਨ ਭੇਟ ਕਰਦੀ ਹੈ।

ਅੱਜ ਉਹਨਾਂ ਦੀ ਇਸ ਮਹਾਨ ਸ਼ਹੀਦੀ ਨੂੰ ਮੁੱਖ ਰਖਦਿਆਂ ਸਵੇਰੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਰਾਗੀ ਸਿੰਘਾਂ ਪਾਸੋਂ ਸਰਵਣ ਕੀਤਾ ਗਿਆ ਜਿਸ ਵਿੱਚ ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਬੁਲਾਏ ਗਏ ਸੰਤ ਨਿਸ਼ਾਨ ਸਿੰਘ ਕਥਾਵਾਚਕ ਹੁਰਾਂ ਬੜੇ ਵਿਸਥਾਰ ਨਾਲ ਬਾਬਾ ਬੰਦਾ ਸਿੰਘ ਬਹਾਦੁਰ ਦੇ ਜੀਵਨ ਤੇ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਉਹਨਾਂ ਸੰਬੰਧੀ ਲਿਖੇ ਗਏ ਇਤਹਾਸ ਨੂੰ ਬੜੇ ਤੋੜ ਮੋੜ ਕੇ ਲਿਖਿਆ ਗਿਆ ਹੈ। ਜਿਸ ਨਾਲ ਬਾਬਾ ਬੰਦਾ ਸਿੰਘ ਬਹਾਦੁਰ ਦੇ ਕਾਰਨਾਮਿਆਂ ਦੀ ਮਹਤੱਤਾ ਘੱਟਦੀ ਹੈ। ਇਤਿਹਾਸਕਾਰਾਂ ਨੂੰ ਬਾਬਾ ਬੰਦਾ ਸਿੰਘ ਬਹਾਦੁਰ ਦੇ ਇਤਿਹਾਸ ਦਾ ਪੁਨਰ ਮੁਲੰਕਨ ਕਰਨਾ ਚਾਹੀਦਾ ਹੈ।

ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁੱਖੀ ਪ੍ਰੋ. ਮਨਜੀਤ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦੁਰ ਦੇ ਜੀਵਨ ਤੇ ਅਰਥ ਭਰਪੂਰ ਟਿਪਣੀਆਂ ਕੀਤੀਆਂ ਪ੍ਰੋ. ਸਾਹਿਬ ਨੇ ਸਤਿਗੁਰੂ ਰਾਮ ਸਿੰਘ ਵਲੋਂ ਨਾਮਧਾਰੀ ਸਿੱਖਾਂ ਨੂੰ ਦਿੱਤੇ ਮਾਡਲ ਦੀ ਮਹਤੱਤਾ ਦਸਦਿਆ ਕਿਹਾ ਕਿ ਜਿਥੇ ਅੰਗ੍ਰੇਜ਼ ਹਕੂਮਤ ਨੇ ਮੁਗਲ ਸ਼ਾਸਨ ਕਾਲ ਦੇ ਅਣ ਮਨੁਖੀ ਤਸ਼ਦਦ ਦੇ ਢੰਗ ਤਰੀਕਿਆ ਨੂੰ ਅਪਣਾਇਆ ਉਥੇ ਨਾਮਧਾਰੀ ਸਿੱਖਾਂ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਸਿੱਖੀ, ਗੋਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਬੰਦਾ ਸਿੰਘ ਬਹਾਦੁਰ ਦੀਆ ਮਿਸਾਲੀ ਕੁਰਬਾਨੀਆ ਦੀ ਪਰੰਪਰਾ ਨੂੰ ਅਗੇ ਤੋਰਦਿਆ ਮਿਸਾਲਾਂ ਕਾਇਮ ਕੀਤੀਆ ਹਨ।

ਸ. ਸਤਪਾਲ ਸਿੰਘ (ਮੀਤ ਪ੍ਰਧਾਨ ਦਿ.ਸਿ.ਗੁ.ਪ੍ਰ.ਕਮੇਟੀ) ਨੇ ਨਾਮਧਾਰੀ ਸਮਾਜ ਵਲੋਂ ਬਾਬਾ ਬੰਦਾ ਸਿੰਘ ਬਹਾਦੁਰ ਸੰਬੰਧੀ ਰਖੇ ਗਏ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ, "ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਹੁਤ ਵਡੇ ਪੱਧਰ ਤੇ ਇਹਨਾਂ ਦਾ 300 ਸਾਲਾ ਸ਼ਹੀਦੀ ਸਮਾਗਮ ਮਨਾ ਰਹੀ ਹੈ।"

ਸ੍ਰੀ ਸੁਭਾਸ਼ ਸਚਦੇਵਾ (ਸਾਬਕਾ ਐਮ.ਐਲ.ਏ) ਹੁਰਾਂ ਨਾਲ ਬੰਦਈ ਸੰਪਰਦਾ ਦੇ ਮੁੱਖੀ ਸ੍ਰੀ ਵੇਦ ਪ੍ਰਕਾਸ਼ ਮੱਕੜ ਆਪਣੇ ਸਾਥੀਆਂ ਨਾਲ ਵਿਸ਼ੇਸ਼ ਤੋਰ ਤੇ ਪੁਜੇ ਅਤੇ ਉਹਨਾਂ ਨੇ ਨਾਮਧਾਰੀ ਸੰਗਤ ਵਲੋਂ ਮਹਾਨ ਯੋਧਾ ਬਾਬਾ ਬੰਦਾ ਸਿੰਘ ਬਹਾਦੁਰ ਜੀ ਦਾ ਦਿਨ ਮਨਾਉਣ ਤੇ ਪ੍ਰਸਨੰਤਾ ਜ਼ਾਹਿਰ ਕੀਤੀ। ਇਹਨਾਂ ਤੋਂ ਇਲਾਵਾ ਸ. ਸੁਰਜੀਤ ਸਿੰਘ ਜੋਬਨ ਵੀ ਹਾਜ਼ਰ ਸਨ। ਨਾਮਧਾਰੀ ਦਰਬਾਰ ਦੇ ਪ੍ਰਧਾਨ ਸ. ਹੰਸਪਾਲ ਜੀ ਨੇ ਦੱਸਿਆ ਕਿ ਰਤਨ ਸਿੰਘ ਭੰਗੂ ਹੁਰਾਂ ਦੇ ਕਬਿਤਾਂ ਅਨੁਸਾਰ ਬੰਦਾ ਸਿੰਘ ਬਹਾਦੁਰ ਜੀ ਕਦੇ ਵੀ ਨੀਲੇ ਬਸੱਤਰ ਧਾਰਨ ਨਹੀਂ ਸਨ ਕਰਦੇ ਅਤੇ ਮਾਸ ਖਾਣ ਦਾ ਪੂਰਨ ਤੌਰ ਤੇ ਨਿਸ਼ੇਧ ਕਰਦੇ ਸੀ ਅਤੇ ਇਸ ਆਯੋਜਨ ਤੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਆਏ ਵਿਸ਼ੇਸ਼ ਸੱਜਣਾਂ ਅਤੇ ਸਰਬਤ ਸੰਗਤ ਦਾ ਧੰਨਵਾਦ ਕੀਤਾ।

ਸਰਬਸ਼ਕਤੀ ਮਾਨ ਸਿੰਘ

ਸਤਿਜੁਗ
ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

# ਸੋਭਾ ਚੰਗੇ ਕੰਮਾਂ ਦੀ

ਪਿਛਲੇ ਦਿਨੀਂ ਕਨੇਡਾ ਦੇ ਪ੍ਰਧਾਨ ਮੰਤਰੀ ਮਿਸਟਰ ਜਸਟਿਨ ਟ੍ਰੂਡੋ ਦੇ ਇਕ ਚੰਗੇ ਕੰਮ ਦੀ ਭਾਰਤੀਆਂ ਵਿਚ ਅਤੇ ਖਾਸ ਕਰਕੇ ਪੰਜਾਬੀਆਂ ਵਿਚ ਬਹੁਤ ਸੋਭਾ ਹੋ ਰਹੀ ਹੈ। ਸਾਰੇ ਉਸ ਦੀ ਦਰਿਆਦਿਲੀ ਦੀ ਵਡਿਆਈ ਕਰ ਰਹੇ ਹਨ। ਉਹ ਚੰਗਾ ਕੰਮ ਹੈ ਕਾਮਾਗਾਟਾਮਾਰੂ ਦੀ ਘਟਨਾ ਦੀ ਸਰਕਾਰੀ ਤੌਰ ਤੇ ਮੁਆਫੀ ਮੰਗਣੀ।

ਨਾਮਧਾਰੀ ਦਰਬਾਰ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ ਨੇ ਉਸ ਦੀ ਇਸ ਵਡਿਆਉਣ ਯੋਗ ਹਿੰਮਤ ਦੀ ਸ਼ਾਲਾਘਾ ਕਰਦਿਆਂ ਅੰਗਰੇਜ਼ੀ ਵਿਚ ਇਕ ਲੇਖ ਲਿਖਿਆ ਹੈ ਇਹ ਲੇਖ ਸਤਿਜੁਗ ਜਿਲਦ 24 ਅੰਕ 14 ਤਾਰੀਖ 26 ਮਈ 1 ਜੂਨ ਵਿਚ ਛਪਿਆ ਹੈ। ਹੰਸਪਾਲ ਹੋਰਾਂ ਨੇ ਬਰਤਾਨਵੀ ਸਰਕਾਰ ਤੋਂ ਵੀ ਮਲੇਰਕੋਟਲੇ ਨਿਹੱਥੇ ਨਾਮਧਾਰੀ ਸਿੱਖਾਂ ਨੂੰ ਬਿਨਾਂ ਮੁਕਦਮਾ ਚਲਾਏ ਤੋਪਾਂ ਸਾਹਮਣੇ ਖੜੇ ਕਰਕੇ ਉਡਾ ਦੇਣ ਦੇ ਬੇਰਹਿਮ ਕਾਰੇ ਦੀ ਸਰਕਾਰੀ ਤੌਰ ਤੇ ਮੁਆਫੀ ਮੰਗਣ ਦੀ ਆਸ ਕੀਤੀ ਹੈ।

ਨਾਮਧਾਰੀ ਸਿਖਾਂ ਨੂੰ ਤੋਪਾਂ ਨਾਲ ਉਡਾਏ ਜਾਣਾ 1872 ਈ. ਦੀ ਮੰਦਭਾਗਾ ਸਰਕਾਰੀ ਕੁਕਰਮ ਹੈ। ਕਾਮਾਗਾਟਾਮਾਰੂ ਜਹਾਜ ਦੀ ਘਟਨਾ ਵੀ 1914 ਈ. ਦੀ ਹੈ। ਬਹੁਤ ਪੁਰਾਣੀਆਂ ਘਟਨਾਵਾਂ ਹਨ ਪਰ ਅਜੇ ਵੀ ਉਹਨਾਂ ਸਮਿਆਂ ਨੂੰ ਯਾਦ ਕਰਕੇ ਹਰ ਪੰਜਾਬੀ ਹੀ ਨਹੀਂ ਹਰ ਦੇਸ਼ ਭਗਤ ਅਤੇ ਮਨੁੱਖੀ ਸਰੋਕਾਰਾਂ ਨਾਲ ਜੁੜੇ ਹੋਏ ਵਿਅਕਤੀ ਦੀ ਰੂਹ ਬੇਚੈਨ ਹੋ ਜਾਂਦੀ ਹੈ।

ਕਾਮਾਗਾਟਾਮਾਰੂ ਇਕ ਜਹਾਜ ਹੀ ਨਹੀਂ ਇਕ ਵਿਅਕਤੀ ਵੀ ਸੀ, ਨਿਹੱਥੇ, ਗਰੀਬ, ਕਾਰੋਬਾਰ ਦੀ ਭਾਲ ਵਿਚ ਘਰ ਪਰਿਵਾਰ ਛੱਡ ਕੇ ਤੁਰੇ ਲੋਕਾਂ ਦੀ ਦੁੱਖ ਅਤੇ ਦਰਦ ਭਰੀ ਕਹਾਣੀ ਵੀ ਸੀ। ਇਸ ਸਮੁੰਦਰੀ ਜਹਾਜ ਨੂੰ ਹਾਂਗਕਾਂਗ ਤੋਂ ਕੈਨੇਡਾ ਲੈ ਜਾਣ ਵਾਲਾ ਇਕ ਸਮਰਥ ਅਤੇ ਦਯਾਵਾਨ ਕਾਰੋਬਾਰੀ ਗੁਰਦਿੱਤ ਸਿੰਘ ਦੇ ਨਾਂ ਨਾਲ ਹੀ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਜੁੜ ਗਿਆ।

ਪੰਜਾਬੀ ਕਿਤੇ ਵੀ ਉਪਜਾਊ ਜ਼ਮੀਨ ਨੂੰ ਵੇਖ ਕੇ ਉਸ ਵਿਚ ਸੋਨਾ ਉਗਾਉਣ ਲਈ ਸਦਾ ਮਿਟੀ ਨਾਲ ਮਿਟੀ ਹੋਣ ਲਈ ਤਿਆਰ ਬਰ ਤਿਆਰ ਰਹਿੰਦੇ ਹਨ। ਉਹਨਾਂ ਨੂੰ ਲਗਦਾ ਹੈ ਕਿ ਕਿਤੇ ਵੀ ਪਈ ਅਣਵਾਹੀ ਜ਼ਮੀਨ ਉਹਨਾਂ ਨੂੰ ਧਰਤੀ ਦਾ ਸੀਨਾ ਪਾੜਨ ਲਈ ਵਾਜਾਂ ਮਾਰ ਰਹੀ ਹੈ। ਜੇ ਜ਼ਮੀਨ ਪੰਜਾਬ ਵਰਗੀ ਉਪਜਾਊ ਪੱਧਰ, ਮੈਦਾਨੀ ਹੋਵੇ ਤਾਂ ਕਹਿਣਾ ਹੀ ਕਿਆ।

1897 ਈ. ਵਿਚ ਮਲਕਾ ਵਿਕਟੋਰੀਆ ਦੇ ਡਾਇਮੰਡ ਜੁਬਲੀ ਦੇ ਜਸ਼ਨਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਹੋਏ ਸਿਖ ਫੌਜੀ ਵਾਪਸੀ ਤੇ ਕੈਨੇਡਾ ਵਿਚੋਂ ਲੰਘੇ। ਉਨ੍ਹਾਂ ਨੂੰ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਪੰਜਾਬ ਵਰਗੀ ਧਰਤੀ ਨੇ ਮੋਹ ਲਿਆ। ਉਹਨਾਂ ਪੰਜਾਬ ਆ ਕੇ ਗੱਲ ਕੀਤੀ ਕਿ ਉਥੇ ਗਿਆਂ ਲਹਿਰ ਬਹਿਰ ਹੋ ਸਕਦੀ ਹੈ। ਪੰਜਾਬੀ ਕਿਸਾਨ ਵਿਉਂਤ ਬਣਾ ਕੇ ਸ਼ਿੰਗਾਪੁਰ, ਹਾਂਗਕਾਂਗ, ਸ਼ਿੰਘਾਈ ਰਾਹੀਂ 1905 ਵਿਚ ਕੈਨੇਡਾ ਪਹੁੰਚ ਗਏ ਪਰ ਉਹਨਾਂ ਦੀ ਗਿਣਤੀ ਨਿਗੁਣੀ ਜਿਹੀ ਸੀ। ਭਾਵੇਂ ਉਹ ਸਮੁੰਦਰ ਦੇ ਲੰਮੇ ਰਸਤੇ ਰਾਹੀਂ ਪ੍ਰੇਸ਼ਾਨੀਆਂ ਝਲਦੇ ਗਏ ਸਨ ਪਰ ਉਹਨਾਂ ਦੇ ਪਿਛੋਂ ਅਗਲੇ ਦੋ ਸਾਲਾਂ ਵਿਚ ਸੈਂਕੜੇ ਪੰਜਾਬੀ ਪਹੁੰਚ ਗਏ। ਉਹਨਾਂ ਆਪਣਾ ਪੂਜਾ ਸਥਾਨ ਗੁਰਦੁਆਰਾ ਵੀ ਬਣਾ ਲਿਆ ਜਿਥੇ ਉਹ ਇਕ ਪਾਸੇ ਹੱਡ ਭੰਨਵੀ ਮਿਹਨਤ ਕਰਦੇ ਉਥੇ ਆਪਣੇ ਧਾਰਮਿਕ ਅਕੀਦੇ ਅਨੁਸਾਰ ਸ਼ਬਦ ਕੀਰਤਨ, ਪੂਜਾ ਪਾਠ, ਅਕਾਲ ਪੁਰਖ ਦਾ ਸ਼ੁਕਰਾਨਾ ਵੀ ਕਰਦੇ ਅਤੇ ਔਖੇ, ਪਰਿਵਾਰ ਤੋਂ ਬਿਨਾਂ ਇਕਲੇ ਰਹਿਣ ਦੇ ਸਮੇਂ ਵੀ ਡੋਲਦੇ ਨਾ।

ਪਰ ਕੈਨੇਡਾ ਪੁਜਦੀ ਪੰਜਾਬੀਆਂ ਦੀ ਗਿਣਤੀ ਨੇ ਸਥਾਨਕ ਗੋਰਿਆਂ ਦੀ ਸੋਚ ਨੂੰ ਪ੍ਰੇਸ਼ਾਨ ਕਰ ਦਿੱਤਾ। ਉਨ੍ਹਾਂ ਨੂੰ ਡਰ ਲੱਗਿਆ ਕਿ ਪੰਜਾਬੀ ਆਰਥਿਕ ਤੇ ਸਮਾਜਿਕ ਪੱਖੋਂ ਉਹਨਾਂ ਦੇ ਸਰੀਕ ਬਣ ਸਕਦੇ ਹਨ। ਉਹਨਾਂ ਦੀ ਹਿੱਕ ਤੇ ਸੱਪ ਲੇਟਣ ਲੱਗਾ। ਉਨ੍ਹਾਂ ਨੇ ਸਰਕਾਰ ਤੱਕ ਪਹੁੰਚ ਕਰਕੇ ਇਹਨਾਂ ਨੂੰ ਰੋਕਣ ਦੇ ਮਨਸੂਬੇ ਘੜੇ ਤਾਂਕਿ ਕੈਨੇਡਾ ਸਿਰਫ ਗੋਰਿਆਂ ਦਾ ਦੇਸ਼ ਹੀ ਬਣਿਆ ਰਹੇ। ਸਰਕਾਰ ਨੇ ਸਿੱਧੇ ਤੌਰ ਤੇ ਤਾਂ ਕੁਝ ਨਾ ਕਿਹਾ ਪਰ ਅਸਿੱਧੇ ਤੌਰ ਤੇ ਪਹਿਲਾਂ ਗਏ ਪੰਜਾਬੀਆਂ ਤੇ ਇਹ ਪਾਬੰਦੀ ਲਗਾਈ ਕਿ ਉਹ ਆਪਣਾ ਪਰਿਵਾਰ ਨਹੀਂ ਮੰਗਵਾ ਸਕਦੇ।

ਨਵੇਂ ਕੈਨੇਡਾ ਪਹੁੰਚਣ ਵਾਲੇ ਲੋਕਾਂ ਵਾਸਤੇ ਦੋ ਵੱਡੀਆਂ ਸ਼ਰਤਾ ਰੱਖੀਆਂ ਇਕ ਤਾਂ ਉਹ ਇਹ ਕਿ ਉਹ ਭਾਰਤ ਤੋਂ ਸਿੱਧਾ ਸਫਰ ਕਰਕੇ ਸਮੁੰਦਰੀ ਜਹਾਜ ਰਾਹੀਂ ਕੈਨੇਡਾ ਆਉਣ, ਦੂਜਾ ਕੈਨੇਡਾ ਦੀ ਧਰਤੀ ਉਤੇ ਪਹੁੰਚ ਕੇ 200 ਡਾਲਰ ਜਮ੍ਹਾ ਕਰਾਉਣ। ਗੱਲ ਇਹ ਹੋਈ ਨਾ ਨੌ ਮਣ ਤੇਲ ਹੋਵੇ ਨਾ ਰਾਧਾ ਨੱਚੇ।

ਉਥੇ ਵਸੇ ਭਾਰਤੀਆਂ ਨੇ ਸ਼ਰਤਾਂ ਨਰਮ ਕਰਨ ਲਈ ਸਰਕਾਰ ਕੋਲ ਪ੍ਰਤੀਨਿੱਧ ਮੰਡਲ ਭੇਜੇ, ਆਪਣੀਆਂ ਅਰਜ਼ੀਆਂ ਭੇਜੀਆਂ ਪਰ ਉਹਨਾਂ ਨੂੰ ਕੋਈ ਸੁਖਾਵਾਂ ਉਤਰ ਨਾ ਮਿਲਿਆ ਸਗੋਂ ਕਿਸੇ ਨਾ ਕਿਸੇ ਤਰੀਕੇ ਨਾਲ ਟਾਲਿਆ ਜਾਂਦਾ ਰਿਹਾ।

ਕੈਨੇਡਾ ਜਾਉਣ ਲਈ ਕਾਹਲੇ ਪੰਜਾਬੀ ਇਨ੍ਹਾਂ ਗੱਲਾਂ ਬਾਰੇ ਬਹੁਤਾ ਕੁਝ ਨਹੀਂ ਸਨ ਜਾਣਦੇ ਸੋ ਉਹ ਹਾਂਗਕਾਂਗ ਪਹੁੰਚ ਜਾਂਦੇ ਪਰ ਅਗਾਂਹ ਕੋਈ ਜਹਾਜ ਕੰਪਨੀ ਉਨ੍ਹਾਂ ਨੂੰ ਚੜ੍ਹਾਉਣ ਲਈ ਹੀ ਤਿਆਰ ਨਾ ਹੁੰਦੀ। 1910 ਵਿਚ ਤਾਂ ਸਮੁੰਦਰੀ ਜਹਾਜ ਕੰਪਨੀਆਂ ਨੇ ਭਾਰਤੀਆਂ ਨੂੰ ਟਿਕਟਾਂ ਵੇਚਣੀਆਂ ਬੰਦ ਕਰ ਦਿੱਤੀਆਂ ਸੈਂਕੜੇ ਪੰਜਾਬੀ ਜਿਹਨਾਂ ਵਿਚ ਹਿੰਦੂ, ਸਿੱਖ, ਮੁਸਲਮਾਨ ਸਨ ਹਾਂਗਕਾਂਗ ਵਿਚ ਰੁਲ ਰਹੇ ਸਨ। ਬਹੁਤ ਸਾਰੇ ਤਾਂ ਸਾਲ ਸਾਲ ਵਿਚ ਕੈਨੇਡਾ ਜਾਉਣ ਦੀ ਆਸ ਵਿਚ ਗੁਰਦੁਆਰੇ ਹੀ ਠਹਿਰੇ ਹੋਏ ਸਨ। ਜਿਵੇਂ ਕਿ ਪਹਿਲਾਂ ਦੱਸਿਆ ਹੈ, ਬਾਬਾ ਗੁਰਦਿੱਤ ਸਿੰਘ ਨਾਂ ਦਾ ਇਕ ਵਿਅਕਤੀ ਸੀ ਜਿਹੜਾ ਮਲਾਇਆ ਵਿਚ ਨੌਕਰੀ ਕਰਦਾ ਕਰਦਾ ਚੰਗਾ ਕਾਰੋਬਾਰੀ ਧਨੀ ਠੇਕੇਦਾਰ ਬਣ ਗਿਆ। ਉਸ ਨੇ ਰਬੜ ਦੇ ਬਾਗ ਵੀ ਖਰੀਦ ਲਏ ਸਨ। ਉਹ ਕੁਦਰਤੀ ਹਾਂਗਕਾਂਗ ਆਇਆ ਅਤੇ ਪੰਜਾਬੀਆਂ ਦੀ ਦੁਰਦਸ਼ਾ ਵੇਖ ਕੇ ਪਸੀਜ ਗਿਆ।

ਬਾਬਾ ਗੁਰਦਿੱਤ ਸਿੰਘ ਨੇ ਸ੍ਰੀ ਗੁਰੂ ਨਾਨਕ ਸਟੀਮ ਸ਼ਿਪ ਕੰਪਨੀ ਬਣਾਈ। 24 ਮਾਰਚ 1914 ਨੂੰ ਉਸਨੇ ਇਕ ਜਪਾਨੀ ਕੰਪਨੀ ਕੋਲੋਂ ਕਾਮਾਗਾਟਾਮਾਰੂ ਨਾਂ ਦਾ ਸਮੁੰਦਰੀ ਜਹਾਜ 6 ਮਹੀਨਿਆਂ ਲਈ ਠੇਕੇ ਤੇ ਲੈ ਲਿਆ। ਉਸ ਨੇ ਐਲਾਨ ਕਰ ਦਿੱਤਾ ਕਿ 28 ਮਾਰਚ ਨੂੰ ਜਹਾਜ ਕੈਨੇਡਾ ਲਈ ਰਵਾਨਾ ਹੋਏਗਾ। ਪ੍ਰੇਸ਼ਾਨ ਲੋਕਾਂ ਨੂੰ ਆਸ਼ਾ ਦੀ ਕਿਰਨ ਨਜ਼ਰ ਆਈ। ਉਹਨਾਂ ਟਿਕਟਾਂ ਖਰੀਦਣੀਆਂ ਸ਼ੁਰੂ ਕਰ ਦਿੱਤੀਆਂ। ਪਰ ਹਾਂਗਕਾਂਗ ਦੀ ਸਰਕਾਰ ਨੇ ਬਾਬਾ ਜੀ ਨੂੰ ਗੁਰਦੁਆਰੇ ਵਿਚੋਂ ਗ੍ਰਿਫਤਾਰ ਕਰ ਲਿਆ ਤਾਂਕਿ ਮੁਸਾਫਰ ਡਰ ਜਾਣ। ਫੇਰ ਅਦਾਲਤੀ ਦਖਲ ਨਾਲ ਬਾਬਾ ਜੀ ਜਿੱਤ ਗਏ। ਜਿਹੜਾ ਜਹਾਜ 28 ਮਾਰਚ ਨੂੰ ਤੁਰਨਾ ਸੀ ਉਹ 4 ਅਪ੍ਰੈਲ 1914 ਨੂੰ 376 ਪੰਜਾਬੀ ਮੁਸਾਫਰਾਂ ਹਿੰਦੂ, ਸਿੱਖ, ਮੁਸਲਮਾਨਾਂ ਨੂੰ ਲੈ ਕੇ 50 ਦਿਨਾਂ ਵਿਚ ਕੈਨੇਡਾ ਦੀ ਬੰਦਰਗਾਹ ਵੈਨਕੂਵਰ ਦੇ ਕੋਲ ਪਹੁੰਚ ਗਿਆ। ਪਰ ਉਸਨੂੰ 3-4 ਮੀਲ ਡੂੰਘੇ ਪਾਣੀ ਵਿਚ ਰੋਕ ਦਿੱਤਾ ਗਿਆ। ਕੈਨੇਡਾ ਸਰਕਾਰ ਦੀਆਂ ਬੇੜੀਆਂ ਨੇ ਉਸਨੂੰ ਘੇਰ ਲਿਆ। ਮੁਸਾਫਰ ਇਕ ਤਰ੍ਹਾਂ ਦੇ ਕੈਦੀ ਸਨ। ਪਰ ਉਹ ਕੈਨੇਡਾ ਸਰਕਾਰ ਦੇ ਦੁਰਵਿਹਾਰ ਅਤੇ ਗੈਰ ਮਨੁੱਖੀ ਰਵੱਈਏ ਕਰਕੇ ਪ੍ਰੇਸ਼ਾਨ ਹੋ ਗਏ।

ਬਾਬਾ ਜੀ ਅਤੇ ਕੈਨਡਾ ਵਿਚ ਪਹਿਲਾਂ ਵਸੇ ਹੋਏ ਪੰਜਾਬੀਆਂ ਨੇ ਸਰਕਾਰ ਕੋਲ ਮਸਲਾ ਉਠਾਇਆ, ਅਦਾਲਤਾਂ ਵਿਚ ਕਾਨੂੰਨੀ ਲੜਾਈ ਲੜੀ ਪਰ ਕਿਸੇ ਦੇ ਕੰਨ ਤੇ ਜੂੰ ਨਾ ਸਰਕੀ। ਮੁਸਾਫਰ ਬਿਮਾਰ ਹੋਣ ਲਗੇ, ਖੁਰਾਕ ਥੁੜਨ ਲੱਗੀ, ਪਾਣੀ ਵੀ ਘੱਟਣ ਲੱਗਾ ਤਾਂ ਕੁਝ ਖਾਣ ਪੀਣ ਵਾਲੇ ਸਮਾਨ ਦੀ ਮਦਦ ਕੈਨੇਡਾ ਦੇ ਪੰਜਾਬੀਆਂ ਵਲੋਂ ਪਹੁੰਚਾਈ ਜਾ ਸਕੀ। ਪਰ ਜਹਾਜ ਕਿਨਾਰੇ ਤੇ ਨਾ ਲਾਉਣ ਦਿੱਤਾ ਗਿਆ। ਹਾਰ ਕੇ ਸਾਰੇ ਪ੍ਰੇਸ਼ਾਨ ਹੋ ਕੇ 10 ਸਤੰਬਰ ਨੂੰ ਸਿੰਗਾਪੁਰੋਂ ਵੀ ਜੁਆਬ ਮਿਲਣ ਤੇ 27 ਸਤੰਬਰ 1914 ਨੂੰ ਕਲਕੱਤੇ ਪੁੱਜੇ।

ਮਿਸਟਰ ਟ੍ਰੂਡੋ ਦੀ ਸਰਕਾਰ ਨੇ ਇਸੇ ਅਸੁਖਾਵੇਂ, ਗੈਰ ਮਨੁੱਖੀ ਰਵੱਈਏ ਦੀ ਮੁਆਫੀ ਮੰਗੀ ਜਿਸ ਦੀ ਭਾਵੇਂ ਉਨ੍ਹਾਂ ਮੁਸਾਫਰਾਂ ਦੇ ਪਰਿਵਾਰਾਂ ਨੂੰ ਲਾਭ ਨਾ ਹੋਵੇ ਪਰ ਮਨੁੱਖੀ ਮਨਾਂ ਵਿਚ ਇਹ ਗਲ ਆਉਂਦੀ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਬਹੁਤ ਚੰਗਾ ਕੰਮ ਕੀਤਾ ਹੈ।

ਬਰਤਾਨਵੀ ਸਰਕਾਰ ਕੋਲੋਂ ਵੀ ਇਹੋ ਜਿਹੇ ਮਨੁੱਖੀ ਰਵੱਈਏ ਦੀ ਆਸ ਕੀਤੀ ਜਾਂਦੀ ਹੈ ਕਾਮਾਗਾਟਾਮਾਰੂ ਜਹਾਜ ਦੇ ਮੁਸਾਫਰ 29 ਸਤੰਬਰ ਨੂੰ ਕਲਕਤੇ ਦੇ ਬਜਬਜ ਘਾਟ ਉਤੇ ਉਤਰੇ ਸਨ। ਜਹਾਜ ਦੇ ਝੰਡੇ ਉਤੇ ਸਤਿ ਸ੍ਰੀ ਅਕਾਲ, ਅਲਾ ਹੂ ਅਕਬਰ ਵੰਦੇ ਮਾਤਰਮ ਲਿਖਿਆ ਹੋਇਆ ਸੀ। ਪੰਜਾਬ ਨੂੰ ਜਾਣ ਵਾਲੇ ਮੁਸਾਫਰ ਹਾਵੜਾ ਸਟੇਸ਼ਨ ਜਾਣਾ ਚਾਹੁੰਦੇ ਸਨ ਜਿਥੋਂ ਪੰਜਾਬ ਨੂੰ ਗੱਡੀਆਂ ਚਲਦੀਆਂ ਸਨ। ਪਰ ਪਤਾ ਨਹੀਂ ਬਦਨੀਅਤੀ ਨਾਲ ਉਹਨਾਂ ਨੂੰ ਬਜਬਜ ਘਾਟ ਉਤੇ ਖੜੀ ਰੇਲ ਗੱਡੀ ਤੇ ਬੈਠਣ ਲਈ ਕਿਹਾ ਗਿਆ ਜਦੋਂ ਉਹਨਾਂ ਨੂੰ ਸਰਕਾਰ ਦੀ ਨੀਅਤ ਉਤੇ ਸ਼ਕ ਹੋਇਆ ਤਾਂ ਉਹ ਪੈਦਲ ਹੀ ਹਾਵੜਾ ਸਟੇਸ਼ਨ ਨੂੰ ਚਲ ਪਏ। ਸਰਕਾਰ ਨੇ ਰੋਕਣਾ ਚਾਹਿਆ। ਬਾਬਾ ਗੁਰਦਿੱਤ ਸਿੰਘ ਕੋਲ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀੜ ਸੀ ਜਿਹੜੀ ਉਹ ਜਹਾਜ ਵਿਚ ਨਾਲ ਲੈ ਕੇ ਗਏ ਸਨ। ਉਹਨਾਂ ਨੇ ਬੀੜ ਸਤਿਕਾਰ ਵਜੋਂ ਸਿਰ ਉਤੇ ਚੁਕੀ ਹੋਈ ਸੀ। ਉਸਦੇ ਸਤਿਕਾਰ ਦੀ ਵੀ ਪਰਵਾਹ ਨਾ ਕਰਦਿਆਂ ਬੇਰਹਿਮ ਪੁਲਿਸ ਨੇ ਨਿਹੱਥੇ ਮੁਸਾਫਰਾਂ ਤੇ ਗੋਲੀ ਚਲਾ ਦਿੱਤੀ। 19 ਮੁਸਾਫਰ ਮਾਰੇ ਗਏ, 23 ਬੁਰੀ ਤਰ੍ਹਾਂ ਨਾਲ ਜ਼ਖਮੀ ਹੋਏ, 18 ਨੂੰ ਕੈਦ ਕਰ ਲਿਆ ਗਿਆ। ਮੁਸਾਫਰਾਂ ਨੇ ਬਾਬਾ ਜੀ ਨੂੰ ਰੂਹ ਪੋਸ਼ ਹੋਣ ਲਈ ਮਜ਼ਬੂਰ ਕੀਤਾ। ਉਹ ਭੇਸ ਬਦਲ ਕੇ ਗੁਪਤ ਵਿਚਰਦੇ ਰਹੇ। ਕਾਮਾਗਾਟਾਮਾਰੂ ਜਹਾਜ ਦੇ ਮੁਸਾਫਰਾਂ ਪ੍ਰਤੀ ਇਸ ਅਪਰਾਧ ਦੀ ਮੁਆਫੀ ਤਾਂ ਬਰਤਾਨਵੀ ਸਰਕਾਰ ਨੂੰ ਹੀ ਮੰਗਣੀ ਚਾਹੀਦੀ ਹੈ।

ਹੰਸਪਾਲ ਜੀ ਨੇ ਨਾਮਧਾਰੀ ਸ਼ਹੀਦਾਂ ਨੂੰ ਬਿਨਾਂ ਮੁਕਦਮਾ ਚਲਾਏ ਤੋਪਾਂ ਨਾਲ ਉਡਾਏ ਜਾਣ ਦੀ ਮੁਆਫੀ ਮੰਗਣ ਬਾਰੇ ਬਹੁਤ ਸਹੀ ਗੱਲ ਲਿਖੀ ਹੈ। ਜਲਿਆਂ ਵਾਲੇ ਬਾਗ ਦੇ ਸ਼ਹੀਦ ਵੀ ਨਿਹੱਥੇ ਸਨ। ਵਿਚਾਰੇ ਸਨ, ਕੇਵਲ ਜਲਸਾ ਸੁਣਨ ਲਈ ਆਏ ਸਨ। ਉਹਨਾਂ ਦੇ ਬਾਰੇ ਵੀ ਹਾਅ ਦਾ ਨਾਅਰਾ ਮਾਰਨਾ ਹਰ ਜੀਅ ਹੋਸ਼ ਇਨਸਾਨ ਲਈ ਜ਼ਰੂਰੀ ਹੈ। ਸਰਕਾਰ ਇਹੋ ਜਿਹੇ ਗੈਰ ਮਨੁੱਖੀ ਅਸੁਖਾਵੀਆਂ ਘਟਨਾ ਬਦਲੇ ਮੁਆਫੀ ਮੰਗਣ ਤਾਂ ਛੋਟੀਆਂ ਨਹੀਂ, ਵੱਡੀਆਂ ਹੁੰਦੀਆਂ ਹਨ ਕਿਉਂਕਿ ਉਹ ਉਸ ਸਮੇਂ ਦੇ ਕਰੋੜਾਂ ਲੋਕਾਂ ਦਾ ਦਿਲ ਜਿਤਦੀਆਂ ਹਨ। ਆਪਣਾ ਮਨੁੱਖਤਾਵਾਦੀ ਨਜ਼ਰੀਆ ਪੇਸ਼ ਕਰਦੀਆਂ ਹਨ।

**-ਤਾਰਾ ਸਿੰਘ ਅਨਜਾਣ**

# ਸ੍ਰੀ ਸਤਿਗੁਰੂ ਜੀ ਦਾ ਥਾਈਲੈਂਡ ਦੌਰਾ 2016...(ਬਾਕੀ ਸਫਾ 1 ਦੀ)

**ਡੇਰਾ:** ਸ੍ਰੀ ਸਤਿਗੁਰੂ ਜੀ ਦਾ ਡੇਰਾ ਹਰ ਵਾਰ ਦੀ ਤਰਾਂ ਸੇਠ ਮਹਿਤਾਬ ਸਿੰਘ ਦੇ ਗ੍ਰਹਿ ਵਿਖੇ ਹੀ ਸੀ। ਜ਼ਿਕਰਜੋਗ ਹੈ ਕਿ ਸਵਰਗੀ ਸੂਬਾ ਗਿਆਨਣ ਦੀ ਤਰਾਂ ਉਹਨਾਂ ਦੀ ਨੂੰਹ ਰਾਣੀ ਵੀ ਸਦਾ ਹੀ ਸਤਿਗੁਰੂ ਜੀ ਤੇ ਉਹਨਾਂ ਨਾਲ ਆਈ ਸੰਗਤ ਦੀ ਸੇਵਾ ਲਈ ਸਦਾ ਤਤਪਰ ਰਹਿੰਦੀ ਹੈ, ਤੇ ਸੇਠ ਮਹਿਤਾਬ ਸਿੰਘ ਦੇ ਦੋਵੇਂ ਬੇਟੇ ਮੰਗਲ ਸਿੰਘ ਤੇ ਮਹਿਲ ਸਿੰਘ ਵੀ ਸਤਿਗੁਰੂ ਜਗਜੀਤ ਸਿੰਘ ਜੀ ਵਾਂਗ ਹਜ਼ੂਰ ਸਤਿਗੁਰੂ ਜੀ ਦੇ ਚਰਨ ਭੌਰੇ ਹਨ। ਡੇਰੇ ਪੁੱਜਦਿਆਂ ਹੀ ਬੰਕੌਕ ਦੀ ਹੋਰ ਸਾਧ ਸੰਗਤ ਵੀ ਸਤਿਗੁਰੂ ਜੀ ਦੇ ਸਵਾਗਤ ਲਈ ਪੁਸ਼ਪ ਮਾਲਾ ਲਈ ਖੜੋਤੀ ਸੀ। ਸਭ ਨੇ ਨਮਸਕਾਰ ਕਰ ਸਤਿਗੁਰੂ ਜੀ ਤੋਂ ਅਸ਼ੀਰਵਾਦ ਲਿਆ। ਸਤਿਗੁਰੂ ਜੀ ਸੇਠ ਮਹਿਤਾਬ ਸਿੰਘ ਜੀ ਦੇ ਪਿਤਾ ਗਿਆਨੀ ਸੰਤੋਖ ਸਿੰਘ ਜੀ ਨੂੰ ਜੋ ਬੈੱਡ ਤੇ ਹਨ ਉਚੇਚਿਆਂ ਦਰਸਨ ਦੇਣ ਉਹਨਾਂ ਦੇ ਕਮਰੇ ਵਿੱਚ ਗਏ ਤੇ ਅਸ਼ੀਰਵਾਦ ਬਖਸ਼ਿਆ।

**ਉਦਾਸ ਅੱਖੀਆਂ :** ਸਾਰੀ ਸੰਗਤ ਦੀਆਂ ਅੱਖਾਂ ਵਿੱਚ ਕਿਸੇ ਦੀ ਭਾਲ ਸੀ,ਚੇਹਰਿਆਂ ਤੇ ਕੁਝ ਉਦਾਸੀ ਪਰ ਨਾਲ ਹੀ ਸਤਿਗੁਰੂ ਜੀ ਦੇ ਆਉਣ ਨਾਲ ਧੀਰਜ ਦਾ ਸੰਕੇਤ। ਇਹ ਅੱਖੀਆਂ ਸ੍ਰੀ ਮਾਤਾ ਜੀ ਨੂੰ ਭਾਲ ਰਹੀਆਂ ਸਨ। ਬੀਬੀਆਂ ਬੀਬੀ ਗੁਰਸ਼ਰਨ ਕੌਰ ਜੀ ਦੇ ਗਲ ਲੱਗ ਮਾਤਾ ਜੀ ਦਾ ਵਿਯੋਗ ਕਰ ਰਹੀਆਂ ਸਨ,ਸਤਿਗੁਰੂ ਜੀ ਨੂੰ ਨਮਸਕਾਰ ਕਰ ਪਿਆਰੇ ਮਾਤਾ ਜੀ ਦੇ ਅਸਿਹ ਵਿਛੋੜੇ ਦਾ ਦੁੱਖ ਸਾਂਝਾ ਕਰ ਰਹੀਆਂ ਸਨ ਅੱਗੋਂ ਸਤਿਗਰੂ ਜੀ ਸਭ ਨੂੰ ਧੀਰਜ ਬੰਧਾ ਰਹੇ ਸਨ ਤੇ ਸਤਿਗਰੂ ਜਗਜੀਤ ਸਿੰਘ ਜੀ ਦੇ ਚਰਨਾਂ ਤੇ ਭਰੋਸਾ ਰੱਖਣ ਲਈ ਹੁਕਮ ਕਰ ਰਹੇ ਸਨ।ਸਤਿਗੁਰੂ ਜੀ ਗੁਰਗੱਦੀ ਤੇ ਸੁਭਾਇਮਾਨ ਹੋਣ ਤੋਂ ਬਾਅਦ ਪਹਿਲੀ ਵੇਰ ਮਾਤਾ ਜੀ ਤੋਂ ਬਿਨਾਂ ਬੰਕੌਕ ਆਏ ਸਨ। ਸੰਗਤ ਨੂੰ ਆਪ ਜੀ ਦੇ ਆਉਣ ਨਾਲ ਬਹੁਤ ਸ਼ਾਂਤੀ ਮਿਲੀ ਸੀ, ਇੱਕ ਆਸਰਾ ਮਿਲਿਆ ਸੀ।ਨਾਲ ਹੀ ਮਿਲਿਆ ਸੀ ਬਹੁਤ ਸਾਰੇ ਪ੍ਰਸ਼ਨਾ ਦਾ ਜਵਾਬ।

**੧੧ ਜੂਨ ੨੦੧੬ :** ਅੱਜ ਸਵੇਰ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਸੇਠ ਮਹਿਤਾਬ ਸਿੰਘ ਦੇ ਗ੍ਰਹਿ ਵਿਖੇ ਹਜ਼ੂਰੀ ਰਾਗੀ ਹਰਬੰਸ ਸਿੰਘ ਜੀ ਤੇ ਉਹਨਾਂ ਦੇ ਦੋਵੇਂ ਸਪੁੱਤਰ ਗੁਰਲਾਲ ਸਿੰਘ ਤੇ ਅਜੈਪਾਲ ਸਿੰਘ ਨੇ ਕੀਤਾ। ਇਹ ਰਾਗੀ ਜਥਾ ਸਤਿਗੁਰੂ ਜੀ ਦੇ ਹੁਕਮ ਅਨੁਸਾਰ ੯ ਤਾਰੀਖ ਨੂੰ ਹੀ ਆਪਣੇ ਪ੍ਰੀਵਾਰ ਸਮੇਤ ਭਾਰਤ ਤੋਂ ਆ ਗਿਆ ਸੀ।

**ਵਰਨੀ ਦਾ ਭੋਗ:** ਪਿਛਲੇ ਦਿਨਾਂ ਤੋਂ ਬੰਕੌਕ ਦੀ ਸਾਧ ਸੰਗਤ ਵੱਲੋਂ ਸਤਿਗੁਰੂ ਜਗਜੀਤ ਸਿੰਘ ਜੀ ਤੇ ਸ੍ਰੀ ਮਾਤਾ ਜੀ ਦੀ ਯਾਦ ਵਿੱਚ ਚਲ ਰਹੀ ਵਰਨੀ ਦੇ ਭੋਗ ਦੀ ਅਰਦਾਸ ਵੀ ਡੇਰੇ ਹੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਕੀਤੀ ਗਈ। ੩੯੫੦ ਪਾਠ ਚੌਪਈ ਪਾਤਿਸ਼ਾਹੀ ੧੦ਵੀਂ ਦੇ ਸੰਗਤ ਵੱਲੋਂ ਵਰਨੀ ਦੌਰਾਨ ਕੀਤੇ ਗਏ। ਸਾਧ ਸੰਗਤ ਨੇ ਮਰਯਾਦਾ ਰੱਖ ਕੇ ਇਸ ਵਰਨੀ ਵਿੱਚ ਹਿੱਸਾ ਲਿਆ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਸਨ।

**ਬੰਗਲੋਰੋਂ ਨੌਜਵਾਨਾਂ ਦਾ ਜਥਾ ਆਇਆ :** ਅੱਜ ਨਾਮਧਾਰੀ ਸੀਡਜ਼ ਬੰਗਲੌਰ ਤੋਂ ਛੇ ਨੌਜਵਾਨ ਉਚੇਚਿਆਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬੰਕੋਕ ਡੇਰੇ ਪੁੱਜੇ ਇਹਨਾਂ ਦੇ ਨਾਮ ਹਨ ਰਾਜ ਸਿੰਘ, ਰਾਗੀ ਬਲਬੀਰ ਸਿੰਘ, ਸੁਖਵਿੰਦਰ ਸਿੰਘ, ਬੇਅੰਤ ਸਿੰਘ, ਗੁਰਜੀਤ ਸਿੰਘ ਲਾਂਗਰੀ ਤੇ ਸਵਰਨ ਸਿੰਘ।ਇਹਨਾਂ ਸਾਰੇ ਨੌਜਵਾਨਾਂ ਨੂੰ ਸਤਿਗਰੂ ਜੀ ਨੇ ਇਹਨਾਂ ਦੀ ਪਾਠਾਂ ਦੀ ਸੇਵਾ ਤੋਂ ਖੁਸ਼ ਹੋ ਕੇ ਕੰਪਨੀ ਵੱਲੋਂ ਇਹ ਟੂਅਰ ਲਵਾਇਆ ਹੈ। ਇਹ ਕਹਿ ਰਹੇ ਸਨ ਕਿ ਅਸੀਂ ਤਾਂ ਕਦੀ ਸੁਪਨੇ ਚ ਵੀ ਹਵਾਈ ਜਹਾਜ ਵਿੱਚ ਸਫਰ ਨਹੀ ਸੀ ਸੋਚ ਸਕਦੇ ਪਰ ਸਤਿਗੁਰੂ ਜੀ ਨੇ ਇਹ ਬਿਨ ਮਾਂਗੇ ਮੋਤੀ ਮਿਲੇ ਵਾਲੀ ਗੱਲ ਕਰ ਦਿੱਤੀ ਹੈ ਸਾਡੇ ਨਾਲ।

**ਪੰਜਵੇਂ ਪਾਤਿਸ਼ਾਹ ਦਾ ਸ਼ਹੀਦੀ ਪੁਰਬ :** ਦਿਨੇ ਸਤਿਗੁਰੂ ਜੀ ਨੇ ਸਾਧ ਸੰਗਤ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾਲਤਾ ਕੀਤੀ, ਉਹਨਾਂ ਦੇ ਸੁੱਖ ਦੁੱਖ ਸੁਣੇ ਉਹਨਾਂ ਨੂੰ ਆਪਣਾ ਆਸ਼ੀਰਵਾਦ ਬਖਸ਼ਿਆ। ਸ੍ਰੀ ਸਤਿਗੁਰੂ ਜੀ, ਬੀਬੀ ਜੀ ਸਿੱਖਾਂ ਸੇਵਕਾਂ ਸਮੇਤ ਸ਼ਾਮ ਦੇ ਨਿਤਨੇਮ ਵਿੱਚ ਨਾਮਧਾਰੀ ਧਰਮਸ਼ਾਲਾ ਸੋਏ ਅਸੋਕ ਵਿਖੇ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ।ਨਿਤਨੇਮ ਦੌਰਾਨ ਹੀ ਜਥੇਦਾਰ ਗੁਰਲਾਲ ਸਿੰਘ ਨੇ ਪੰਚਮ ਪਾਤਿਸ਼ਾਹ ਦੀ ਸ਼ਹੀਦੀ ਦਾ ਪ੍ਰਸੰਗ ਸੁਣਾਇਆ। ਜਥੇਦਾਰ ਗੁਰਲਾਲ ਸਿੰਘ ਰਾਗੀ ਵੀ ਹੈ ਤੇ ਪ੍ਰਚਾਰਕ ਵੀ ਉਹਨਾਂ ਬਹੁਤ ਹੀ ਵਿਸਥਾਰ ਨਾਲ ਗੁਰੂ ਸਾਹਿਬ ਦੀ ਸ਼ਹੀਦੀ ਦਾ ਪ੍ਰਸੰਗ ਸੁਣਾ ਕੇ ਸੰਗਤ ਨੂੰ ਵਿਸਮਾਦ ਦੇ ਰੰਗ ਵਿੱਚ ਲੈ ਆਂਦਾ।ਉਪਰੰਤ ਰਾਗੀ ਹਰਬੰਸ ਸਿੰਘ ਜੀ ਨੇ ਜਥੇ ਸਮੇਤ ਕੀਰਤਨ ਕੀਤਾ ਤੇ ਦੋ ਸ਼ਬਦ ਪੜ੍ਹੇ ਪਹਿਲਾ **"ਸਤਿਗੁਰੂ ਚਰਨ ਜਿਨ ਪਰਸਿਆ॥** ਦੂਸਰਾ, **ਗੁਰ ਜੀ ਕੇ ਦਰਸਨ ਕਉ ਬਲਿ ਜਾਉ॥** ਪੜ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਇਸੇ ਦੌਰਾਨ ਹੀ ਥਾਈਲੈਂਡ ਦੇ ਰਾਧਾ ਸਵਾਮੀ ਡੇਰੇ ਦੇ ਮੁਖੀ ਸਰਦਾਰ ਮਹਿੰਦਰ ਸਿੰਘ ਜੀ ਸੇਠੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਉਚੇਚਿਆਂ ਆਏ ਤੇ ਬਹੁਤ ਹੀ ਅਦਬ ਤੇ ਸਤਿਕਾਰ ਨਾਲ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸਾਰੀ ਸੰਗਤ ਸਤਿਗੁਰ ਜੀ ਦੇ ਦਰਸ਼ਨ ਕਰ ਬਲਿਹਾਰੀ ਜਾ ਰਹੀ ਸੀ। ਸੇਠ ਤਰਨ ਸਿੰਘ ਚਾਵਲਾ ਪ੍ਰਧਾਨ ਨਾਮਧਾਰੀ ਸੰਗਤ ਬੰਕੋਕ ਨੇ ਸ੍ਰੀ ਸਤਿਗੁਰੂ ਜੀ ਤੇ ਬੀਬੀ ਜੀ ਦਾ ਮਾਲਾ ਭੇਟ ਕਰਕੇ ਦਰਸ਼ਨ ਦੇਣ ਤੇ ਸਵਾਗਤ ਕੀਤਾ।

**੧੨ ਜੂਨ ਮਾਤਾ ਜੀ ਦੀ ਯਾਦ ਵਿੱਚ:**ਅੱਜ ਸਵੇਰ

**(ਬਾਕੀ ਸਫਾ 6 'ਤੇ)**

# ਗੁਰ-ਉਪਦੇਸ਼
# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸਤਿਗੁਰਾਂ ਨਾਮ ਸਾਨੂੰ ਦਿੱਤਾ ਚਾਲੀ ਜੁੱਗ ਤਪਸਿਆ ਕਰ ਕੇ



ਸਤਿਕਾਰਯੋਗ ਥਾਈਲੈਂਡ ਦੀ ਸਾਧ ਸੰਗਤ ਜੀਓ, ਤੁਸੀਂ ਗੁਰਲਾਲ ਸਿੰਘ ਕੋਲੋਂ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਦੇ ਨਾਮ ਦੀ ਸੋਭਾ ਸੁਣੀ ਹੈ। ਉਸਨੇ ਸ਼ੁਰੂ ਕੀਤਾ ਸੀ : *ਨਾਮ ਤੁਲਿ ਕਛੁ ਅਵਰੁ ਨ ਹੋਇ''* ਉਹ ਵਾਕਿਆ ਹੀ ਜਿਹੜਾ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਦਾ ਨਾਮ ਏ ਜੇ ਅਸੀਂ ਵਿਸ਼ਵਾਸ਼ ਨਾਲ, ਪਿਆਰ ਨਾਲ ਉਹ ਨਾਮ ਜਪੀਏ ਉਸ ਨਾਮ ਦੇ ਤੁਲ ਹੋਰ ਕੋਈ ਚੀਜ਼ ਨਹੀਂ। ਥਾਂ ਥਾਂ ਸੱਚੇ ਪਾਤਸ਼ਾਹ ਸਾਨੂੰ ਦ੍ਰਿੜਾਇਆ ਹੈ *''ਹਰਿ ਕੋ ਨਾਮੁ ਸਦਾ ਸੁਖਦਾਈ''* ਨਾਲ ਇਕ ਥਾਂ ਆਉਂਦਾ ਹੈ *'ਹਰਿ ਕੇ ਨਾਮ ਬਿਨਾ ਦੁਖੁ ਪਾਵੈ'*। ਦੁਖ ਸਾਨੂੰ ਤਾਂ ਆਉਂਦੇ ਨੇ ਜੇ ਅਸੀਂ ਉਹ ਨਾਮ ਨਹੀਂ ਜਪਦੇ। ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਨੇ ਸਾਨੂੰ ਬੜੇ ਭਰਮਾਂ ਵਿਚੋਂ ਕੱਢਿਆ। ਕੋਈ ਕਿਤੇ ਜਾ ਕੇ ਨਾਮ ਜਪਦਾ ਸੀ, ਕਿਤੇ ਨਦੀਆਂ ਵਿਚ, ਪਾਣੀਆ ਵਿਚ ਖਲੋ ਕੇ ਜਪਦਾ ਸੀ, ਕੋਈ ਬਰਫਾਂ ਵਿਚ ਜਾਂਦਾ ਸੀ, ਕੋਈ ਜੰਗਲਾਂ ਵਿਚ ਜਾਂਦਾ ਸੀ। ਸੱਚੇ ਪਾਤਸ਼ਾਹ ਨੇ ਹੁਕਮ ਕੀਤਾ : ਘਰ ਹੀ ਬੈਠਿਆਂ ਨਾਮ ਜਪੋ। ਉਹ ਰਸਤਾ ਸਾਨੂੰ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਨੇ ਦਿੱਤਾ।

ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੇ ਭਾਸ਼ਣ ਵਿਚ ਆਉਂਦਾ ਏ 'ਕਿ ਨਾਮ ਸਾਨੂੰ ਦਿੱਤਾ ਚਾਲੀ ਜੁਗ ਤਪਸਿਆ ਕਰਕੇ, ਤੇ ਉਹ ਤਪਸਿਆ ਕਰਨ ਵਾਲਾ ਕੌਣ ਸੀ ਗੁਰੂ ਨਾਨਕ ਦੇਵ ਜੀ। ਜੋ ਨਾਮ ਸਾਨੂੰ ਦਿੱਤਾ ਹੈ ਅਸੀਂ ਉਸ ਨਾਮ ਨੂੰ ਭੁਲਦੇ ਜਾਂਦੇ ਹਾਂ, ਉਸ ਨਾਮ ਤੇ ਸਾਨੂੰ ਵਿਸ਼ਵਾਸ਼ ਨਹੀਂ ਆਉਂਦਾ। ਨਾਮ ਵੀ ਅਸੀਂ ਜਪੀਏ ਤੇ ਵਿਸ਼ਵਾਸ਼ ਨਾਲ ਜਪੀਏ ਤੇ ਉਹਦੀ ਰੀਸ ਹੀ ਕੋਈ ਨਹੀਂ। ਉਸ ਦੇ ਮੁਕਾਬਲੇ ਤੇ ਹੋਰ ਚੀਜ ਹੀ ਕੋਈ ਨਹੀਂ। ਉਹ ਗਲ ਬਿਲਕੁਲ ਠੀਕ ਏ ਉਹ ਕਦੀ ਗਲਤ ਹੋ ਹੀ ਨਹੀਂ ਸਕਦੀ ਕਿ- *ਨਾਮ ਤੁਲਿ ਕਛੁ ਅਵਰੁ ਨਾ ਹੋਇ।।*

ਮੈਂ ਬੇਨਤੀ ਕਰਨੀ ਚਾਹਵਾਂਗਾ ਖਾਸਕਰ ਤੁਸੀ ਜਿਹੜੇ ਪੰਜਾਬੀ ਸਮਝਦੇ ਹੋ ਇਥੇ ਬਹੁਤ ਸਾਰੇ ਬੱਚੇ, ਨੌਜਵਾਨ ਬੈਠੇ ਨੇ ਜਿਹਨਾਂ ਨੂੰ ਪੰਜਾਬੀ ਸਮਝ ਨਹੀਂ ਆਉਂਦੀ, ਉਹਨੂੰ ਸਮਝਾਓ ਬੜੇ ਜ਼ੋਰ ਨਾਲ ਦ੍ਰਿੜ ਕਰਵਾਓ ਕਿ ਅਸੀਂ ਨਾਮ ਜਪਣਾ ਏ। ਜੋ ਅਸੀਂ ਕਰਦੇ ਹਾਂ ਉਹ ਸਾਡੇ ਕੀਤਿਆਂ ਨਹੀਂ ਹੁੰਦਾ ਉਹ ਸਾਡੇ ਅਕਾਲ ਪੁਰਖ ਮਾਲਕ ਦੇ ਕੀਤਿਆਂ ਹੁੰਦਾ ਹੈ ਸਿਖੀ ਇਹ ਹੈ। ਸਿਖੀ ਕੀ ਹੈ, ਸਿਖੀ ਤਾਂ ਸ਼ੁਰੂ ਹੀ ਨਿਰਮਾਣਤਾ ਤੋਂ ਹੁੰਦੀ ਏ। ਜਦੋਂ ਹੰਕਾਰ ਆ ਜਾਂਦਾ ਹੈ ਉਦੋਂ ਸਿਖੀ ਸ਼ੁਰੂ ਹੀ ਨਹੀਂ ਹੁੰਦੀ। ਸਿਖੀ ਦਾ ਮਤਲਬ ਇਹ ਹੈ ਕਿ ਸਿਖਿਆ ਹੈ। ਸਾਰੀ ਉਮਰ ਹੀ ਇਕ ਸਿਖ ਸਿਖਦਾ ਰਹਿੰਦਾ ਹੈ। ਜਦੋਂ ਮਨ ਵਿਚ ਇਹ ਆ ਜਾਂਦਾ ਹੈ ਕਿ ਮੈਂ ਕਰਦੈ - *''ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ''*। ਫਿਰ ਕੀ ਹੁੰਦਾ ਹੈ *''ਕਰਣੈ ਵਾਲਾ ਵਿਸਰਿਆ ਦੂਜੇ ਭਾਇ ਪਿਆਰੁ''* ਜਦੋਂ ਕਰਨ ਵਾਲਾ ਉਹ ਮਾਲਕ, ਉਹ ਸਤਿਗੁਰੂ ਵਿਸਰ ਜਾਂਦਾ ਹੈ ਸਾਡਾ ਦੂਜੇ ਪਾਸੇ ਧਿਆਨ ਲਗ ਜਾਂਦਾ ਹੈ। ਫਿਰ ਸਾਨੂੰ ਦੁਖਾਂ ਦਾ ਕਾਰਣ ਬਣਦਾ ਹੀ ਬਣਦਾ ਹੈ।

ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਆਮ ਹੁਕਮ ਕਰਦੇ ਹੁੰਦੇ ਸੀ ਕਿ ਸਾਡੇ ਬਚੇ ਕੋਲ ਸਾਡੇ ਤੋਂ ਜ਼ਿਆਦਾ ਪੈਸੇ ਹੋਣ, ਸਾਡਾ ਬਚਾ ਸਾਡੇ ਤੋਂ ਪੜ੍ਹਿਆ ਜਿਆਦਾ ਹੋਵੇ, ਸਾਡੇ ਬਚੇ ਕੋਲ ਘਰ ਬਹੁਤ ਵੱਡਾ ਹੋਵੇ, ਪਰ ਜਿਹੜਾ ਉਹ ਘਰ ਦੇਣ ਵਾਲਾ ਏ, ਜਿਹੜਾ ਉਹ ਸਭ ਕੁਝ ਦੇਣ ਵਾਲਾ ਹੈ ਉਹ ਵਿਸਰ ਜਾਂਦਾ ਹੈ। ਅਸੀਂ ਪੀਰੀਓਰਿਟੀ (ਪਹਿਲ) ਇਹ ਕਰ ਲਈਏ ਕਿ ਸਾਡਾ ਬਚਾ ਚੰਗਾ ਸਿਖ ਹੋਵੇ, ਸਾਡੇ ਬਚੇ ਦੇ ਅੰਦਰ ਨਿਰਮਾਣਤਾ ਹੋਵੇ ਤੇ ਬਾਕੀ ਚੀਜਾਂ ਸਾਧ ਸੰਗਤ ਜੀ ਆਪੇ ਆ ਹੀ ਜਾਣਗੀਆਂ। ਤੇ ਜੋ ਕਰਮਾਂ ਵਿਚ ਲਿਖਿਆ ਹੈ ਉਹ ਆ ਹੀ ਜਾਣਾ ਹੈ ਉਹ ਮਿਲ ਹੀ ਜਾਣਾ ਹੈ। ਜੇ ਅਸੀਂ ਪੁਰਾਣੇ ਉਪਦੇਸ਼ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੇ ਸੁਣੀਏ ਉਹਨਾਂ ਥਾਂ ਥਾਂ ਹੁਕਮ ਕੀਤਾ ਹੈ ਕਿ ਬੀਬੀਆਂ ਦੀ ਬੜੀ ਵੱਡੀ ਜ਼ੁੰਮੇਵਾਰੀ ਏ ਕਿ ਤੁਹਾਡੇ ਬੱਚੇ ਸਿੱਖ ਬਣਨ, ਤੁਹਾਡੇ ਬੱਚੇ ਭਗਤ ਬਣਨ। ਇਹ ਬਹੁਤ ਵੱਡੀ ਜ਼ੁੰਮੇਵਾਰੀ ਏ ਇਹ ਕੋਈ ਛੋਟੀ ਜ਼ੁੰਮੇਵਾਰੀ ਨਹੀਂ। ਜਿੰਨੇ ਜੋਰ ਨਾਲ ਅਸੀਂ ਬੱਚੇ ਨੂੰ ਪੜ੍ਹਾਉਣ ਤੇ ਜ਼ੋਰ ਲਾਉਂਦੇ ਹਾਂ, ਜਿੰਨਾ ਜ਼ੋਰ ਅਸੀਂ ਲਾਉਂਦੇ ਹਾਂ ਕਿ ਸਾਡਾ ਬੱਚਾ ਵਿਹਾਰ ਵਿਚ ਕਾਮਯਾਬ ਹੋਵੇ। ਮੇਰੀ ਅਰਜ਼ ਏ ਕਿ ਅਸੀਂ ਸੱਚੇ ਪਾਤਸ਼ਾਹ ਜੀ ਦਾ ਹੁਕਮ ਮੰਨ ਕੇ, ਅਸੀਂ ਉਸ ਵਿਸ਼ਵਾਸ਼ ਨਾਲ ਉਸ ਤੋਂ ਜ਼ਿਆਦਾ ਇਹ ਜ਼ੋਰ ਲਾਈਏ ਕਿ ਸਾਡਾ ਬੱਚਾ ਸਿੱਖ ਬਣੇ। ਜੇ ਸਿੱਖੀ ਰਹਿ ਗਈ ਤਾਂ ਸਾਡਾ ਸਾਰਾ ਕੁਝ ਰਹਿ ਗਿਆ। ਇਹ ਆਪਣੇ ਮਿਲਣ ਦੀ ਥਾਂ, ਆਪਣੇ ਗੁਰਦੁਆਰੇ ਇਥੇ ਇਕਠੇ ਹੋਣ ਦੀ ਥਾਂ, ਜਦੋਂ ਤੁਸੀਂ ਬੱਚਿਆਂ ਨੂੰ ਨਾਲ ਲੈ ਕੇ ਇਥੇ ਆਉਂਦੇ ਹੋ ਖੁਸ਼ੀ ਦੀ ਗੱਲ ਏ ਕਿ ਵੇਖੋ ਵੇਖੀ ਗੁਰਦੁਆਰੇ ਆਉਂਦੇ ਨੇ ਬਹੁਤ ਚੰਗੀ ਗੱਲ ਏ। ਅਸੀਂ ਕਿਸ ਕਰਕੇ ਆਉਂਦੇ ਹਾਂ, ਦੋ ਮਿੰਟ ਬੱਚਿਆਂ ਨੂੰ ਦਸੋ ਕਿ ਅਸੀਂ ਕਿਸ ਕਰਕੇ ਜਾ ਰਹੇ ਹਾਂ। ਆਪਾਂ ਉਥੇ ਉਹ ਨਾਮ ਲੈਣ ਜਾ ਰਹੇ ਹਾਂ ਜਿਸ ਨਾਮ ਨਾਲ ਸਾਰੀਆਂ ਹੀ ਖੁਸ਼ੀਆਂ ਮਿਲਦੀਆਂ ਨੇ। ਉਹ ਨਾਮ ਕਿਸ ਦਾ ਹੈ ਜਿਹੜਾ ਸਾਰਾ ਕੁਝ ਦੇਣ ਵਾਲਾ ਹੈ। ਜਿਹੜਾ ਤੇਰੇ ਕਮਾਇਆ ਕੁਝ ਨਹੀਂ ਹੋਣਾ, ਮੇਰੇ ਕਮਾਇਆਂ ਕੁਝ ਨਹੀਂ ਹੋਣਾ ਉਹ ਦੇਣ ਵਾਲਾ ਇਕ ਮਾਲਕ ਏ। ਤੁਸੀਂ ਜ਼ਿੰਦਗੀ ਵਿਚ ਆਪ ਵੀ ਧਿਆਨ ਨਾਲ ਵੇਖੋ ਕਿ ਸਾਡਿਆਂ ਕੀਤਿਆਂ ਕਦੀ ਕੁਝ ਹੁੰਦਾ ਹੈ ਤੁੰਹਾਨੂੰ ਆਪ ਹੀ ਚਾਨਣਾ ਹੋ ਜਾਏਗਾ ਕਿ ਸਾਡਿਆਂ ਕੀਤਿਆਂ ਕੁਝ ਨਹੀਂ ਹੁੰਦਾ। ਜਦੋਂ ਸਾਡੇ ਅੰਦਰ ਉਹ ਨਿਰਮਾਣਤਾ ਆ ਜਾਂਦੀ ਹੈ, ਕਰਨ ਕਰਾਉਣ ਵਾਲਾ ਸਾਡਾ ਉਹ ਮਾਲਕ ਏ ਅਸੀਂ ਉਸ ਸਿਖੀ ਦੇ ਰਸਤੇ ਤੇ ਤੁਰ ਪੈਂਦੇ ਹਾਂ ਅਸੀਂ ਗੁਰੂ ਨਾਨਕ ਦੇਵ ਦੇ ਰਸਤੇ ਤੇ ਤੁਰ ਪੈਂਦੇ ਹਾਂ।

ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਤੁਹਾਨੂੰ ਪਤਾ ਹੈ ਇਥੇ ਕਈ ਨੌਜਵਾਨ ਜਿਹੜੇ ਮੇਰੀ ਉਮਰ ਦੇ ਹੋਣਗੇ ਹੁਣ ਉਹਨਾਂ ਨੂੰ ਇਹ ਵੀ ਪਤਾ ਹੈ ਕਿ ਸੱਚੇ ਪਾਤਸ਼ਾਹ ਸਾਨੂੰ ਫੋਨ ਕਰ ਕਰ ਕੇ, ਉਠਾ ਕੇ ਸਾਨੂੰ ਆਖਿਆ ਉਠੋ ਕਾਕਾ ਨਾਮ ਜਪੋ ਇਹ ਸੌਣ ਦਾ ਵੇਲਾ ਨਹੀਂ, ਨਾਮ ਜਪਣ ਦਾ ਵੇਲਾ ਏ। ਕਿਸੇ ਦੇ ਪਾਣੀ ਪਾ ਦੇਣਾ ਸੱਚੇ ਪਾਤਸ਼ਾਹ ਨੇ, ਕਿਸੇ ਨੂੰ ਚਰਣ ਨਾਲ ਟੁੰਬ ਕੇ ਉਠਾ ਦੇਣਾ ਆਖਣਾ ਨਾਮ ਜਪੋ, ਆਪ ਉਠਣਾ। ਆਪ ਨਾਮ ਜਪਿਆ ਤੇ ਦੂਜਿਆਂ ਨੂੰ ਜਪਾਇਆ। ਆਪਾਂ ਉਹਨਾਂ ਸੱਚੇ ਪਾਤਸ਼ਾਹ ਜੀ ਦੀ ਯਾਦ ਵਿਚ ਬੈਠੇ ਹਾਂ ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਿੱਖ ਹਾਂ। ਜਿਹਨਾਂ ਸਾਨੂੰ ਗੁਰੂ ਨਾਨਕ ਦੇਵ ਜੀ ਦੀ ਸਿਖੀ ਮੰਨਣੀ ਕੀਤੀ। ਆਪਾਂ ਤਗੜੇ ਹੋ ਕੇ ਸਿਖੀ ਨਾ ਗਵਾਈਏ, ਆਪਾਂ ਨਾਮ ਨਾਲ ਜੁੜੀਏ ਤੇ ਮਾਇਆ ਮਗਰ ਆਪੇ ਹੀ ਆ ਜਾਵੇਗੀ। ਜਦੋਂ ਆਪਾਂ ਉਹਨਾਂ ਦਾ ਹੁਕਮ ਮੰਨਾਂਗੇ ਇਹ ਸੁਖ ਆਪੇ ਹੀ ਸਾਡੇ ਮਗਰ ਆਉਣਗੇ।

ਨਾਮਧਾਰੀ ਪੰਥ ਵਿਚ ਇਕ ਬੜਾ ਦੁਖਦਾਈ ਹਾਦਸਾ ਹੋਇਆ, ਸਾਡੇ ਮਾਤਾ ਜੀ ਦਾ ਸਾਡੇ ਤੋਂ ਵਿਛੋੜਾ ਹੋਇਆ ਹੈ ਉਹ ਸਾਡੇ ਵਾਸਤੇ ਇਕ ਬੜਾ ਵੱਡਾ ਦੁੱਖ ਹੈ। ਮੇਰੇ ਖਿਆਲ ਸੱਚੇ ਪਾਤਸ਼ਾਹ ਜੀ ਦੇ ਭਾਸ਼ਣ ਵਿਚ ਆਇਆ ਸੀ ਕਿ ਚੰਗਿਆਈ ਤੇ ਬੁਰਿਆਈ ਦੀ ਲੜਾਈ ਸਤਿਜੁਗ ਤੋਂ ਰਹੀ ਏ, ਆਦਿ ਕਾਲ ਤੋਂ ਰਹੀ ਏ। ਉਸ ਬੁਰਿਆਈ ਦੇ ਜਿਹੜੇ ਨਾਮਧਾਰੀ ਪੰਥ ਨੂੰ ਖਤਮ ਕਰਨਾ ਚਾਹੁੰਦੇ ਸੀ ਸਾਡੇ ਮਾਤਾ ਜੀ ਨੂੰ ਖੋਹਿਆ ਏ ਪਰ ਇਹ ਮਾਤਾ ਜੀ ਦੀ ਕੁਰਬਾਨੀ ਏ ਆਪਾਂ ਉਹਨੂੰ ਕਦੀਂ ਵੀ ਭੁਲਣਾ ਨਹੀਂ। ਇਹਨਾਂ ਜ਼ੁਲਮਾਂ ਨਾਲ ਸਾਡੀ ਸਿਖੀ ਖਤਮ ਨਹੀਂ ਹੋਣੀ। ਜੇ ਅਸੀਂ ਵੇਖੀਏ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੂੰ ਫੜ ਕੇ ਅੰਗਰੇਜ਼ ਲੈ ਗਏ, ਸਿਖਾਂ ਨੂੰ ਤੋਪਾਂ ਨਾਲ ਉਡਾ ਦਿੱਤਾ। ਇਹ ਸਿਖੀ ਕਦੀ ਖਤਮ ਨਹੀਂ ਹੋਈ। ਇਹ ਸਤਿਗੁਰੂ ਨਾਨਕ ਦੇਵ, ਸਤਿਗੁਰੂ ਰਾਮ ਸਿੰਘ, ਸਤਿਗੁਰੂ ਜਗਜੀਤ ਸਿੰਘ ਜੀ ਦੀ ਸਿਖੀ ਏ ਇਹ ਵਧੇਗੀ। ਇਹ ਗੋਲੀਆਂ ਨਾਲ ਕਦੇ ਖਤਮ ਨਹੀਂ ਹੋਣੀ। ਇਹ ਮੇਰੀ ਬਾਰ-ਬਾਰ ਸਾਰਿਆਂ ਅਗੇ ਬੇਨਤੀ ਹੈ ਕਿ ਮੇਰੇ ਇਥੇ ਆਉਣ ਦਾ ਤਾਂ ਹੀ ਫਾਇਦਾ ਹੈ ਜੇ ਅਗੋਂ ਬਚੇ ਨਾਮ ਜਪਣ। ਜੇ ਕਰ ਬਚੇ ਕੋਈ ਗਲਤੀ ਕਰਦੇ ਵੀ ਨੇ ਮਾਸ, ਸ਼ਰਾਬ ਖਾਂਦੇ ਨੇ, ਕੋਈ ਸਿਗਰੇਟ ਪੀਂਦਾ ਹੈ, ਕੋਈ ਨਸ਼ਾ ਕਰਦਾ ਹੈ ਉਹਨਾਂ ਅਗੇ ਹੱਥ ਜੋੜ ਕੇ ਬੇਨਤੀ ਹੈ ਕਿ ਉਹ ਇਹ ਚੀਜ਼ ਨੂੰ ਛੱਡਣ। ਜੇ ਕੋਈ ਬੱਚਾ ਨਾਮ ਨਾਲ ਲਗ ਜਾਏਗਾ, ਜੇ ਕੋਈ ਬਚਾ ਮਾਸ, ਸ਼ਰਾਬ ਛੱਡ ਦੇਵੇਗਾ ਮੈਂ ਵੀ ਸੋਚਾਂਗਾ ਕਿ ਮੇਰਾ ਆਉਣਾ ਇਥੇ ਸਫਲ ਹੋਇਆ। ਤੁਸੀਂ ਕਿਤੇ ਬਿਜਨਸ ਕਰਨ ਜਾਉਂਦੇ ਹੋ ਤੇ ਕਿਤੇ ਕੋਈ ਡੀਲ ਹੋ ਜਾਂਦੀ ਹੈ ਤੇ ਤੁਹਾਨੂੰ ਕਿੰਨੀ ਖੁਸ਼ੀ ਹੁੰਦੀ ਏ। ਉਸ ਤਰ੍ਹਾਂ ਮੇਰੀ ਵੀ ਇਹ ਨੌਕਰੀ ਏ ਜੇ ਮੈਂ ਇਥੇ ਆਉਂਦਾ ਹਾਂ। ਜੇ ਕੋਈ ਤੁਸੀਂ ਇਥੇ ਨਾਮ ਨਾਲ ਜੁੜਦੇ ਹੋ, ਤੁਸੀਂ ਮਾਸ ਸ਼ਰਾਬ ਛੱਡਦੇ ਹੋ ਤੇ ਮੇਰੀ ਵੀ ਇਹ ਤਨਖਾਹ ਲਈ, ਪੂਰੀ ਹੋ ਜਾਂਦੀ ਏ। ਮੇਰਾ ਵੀ ਇਥੇ ਆਇਆ ਸਫਲ ਹੋ ਜਾਂਦਾ ਹੈ।

ਤੁਹਾਡੇ ਸਾਰਿਆਂ ਕੋਲ ਹੱਥ ਜੋੜ ਕੇ ਬੇਨਤੀ ਹੈ ਕਿ ਤਗੜੇ ਹੋ ਕੇ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਹੁਕਮ ਮੰਨੋ। ਉਹਨਾਂ ਦੀ ਯਾਦ ਆਪਾਂ ਨਾ ਭੁਲਣ ਦੇਈਏ। ਇੰਨੀ ਅਰਜ਼ ਕਰਕੇ ਮੈਂ ਖਿਮਾ ਦਾ ਜਾਚਕ ਹਾਂ। ਸਤਿ ਸ੍ਰੀ ਅਕਾਲ

13 ਜੂਨ 2016, ਥਾਈਲੈਂਡ

(ਪਿਛੋਂ ਤੋਂ ਅਗੇ)

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

✍ ਹਰਭਜਨ ਕੌਰ ਚਾਨਾ

ਦੂਸਰਾ ਬਕਾਲੇ ਵਾਲੇ ਹਰੀ ਚੰਦ ਲੰਬ ਖੱਤਰੀ ਦੀ ਪੁੱਤਰੀ ਬੀਬੀ ਨਾਨਕੀ ਜੀ ਨਾਲ ਅੰਮ੍ਰਿਤਸਰ ਹੋਇਆ ਅਤੇ ਤੀਸਰਾ ਦਇਆ ਰਾਮ ਮਰਵਾਹੇ ਖੱਤਰੀ ਦੀ ਬੇਟੀ ਮਹਾਂਦੇਵੀ ਨਾਲ ਮੰਡਿਆਲ ਪਿੰਡ ਹੋਇਆ। ਮਾਤਾ ਦਮੋਦਰੀ ਜੀ ਦੀ ਕੁੱਖੋਂ ਬੀਬੀ ਵੀਰੋ ਜੀ, ਬਾਬਾ ਗੁਰਦਿੱਤਾ ਜੀ ਤੇ ਅਣੀਰਾਇ ਜੀ ਹੋਏ। ਮਾਤਾ ਮਹਾਂਦੇਵੀ ਜੀ ਦੀ ਕੁੱਖੋਂ ਸੂਰਜ ਮੱਲ ਜੀ ਅਤੇ ਮਾਤਾ ਨਾਨਕੀ ਜੀ ਦੀ ਕੁੱਖੋਂ ਬਾਬਾ ਅਟਲ ਜੀ ਤੇ ਗੁਰੂ ਤੇਗ ਬਹਾਦਰ ਜੀ ਹੋਏ। ਬਾਬਾ ਗੁਰਦਿੱਤਾ ਜੀ ਦੀ ਔਲਾਦ ਕਰਤਾਰਪੁਰੀਏ ਸੋਢੀ ਹਨ। ਸੂਰਜ ਮੱਲ ਜੀ ਦੀ ਔਲਾਦ ਅਨੰਦਪੁਰੀਏ ਸੋਢੀ ਹਨ। ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਸਭ ਜਾਣਦੇ ਹਨ। ਬਾਬਾ ਅਟਲ ਜੀ ਦੇ ਸਥਾਨ ਦੇ ਦਰਸ਼ਨ ਅੰਮ੍ਰਿਤਸਰ ਜਾ ਕੇ ਹੋ ਜਾਂਦੇ ਹਨ।

**ਕੌਲਾਂ ਦਾ ਗੁਰੂ ਦੀ ਸ਼ਰਨ ਆਉਣਾ–**

ਇਕ ਵਾਰ ਇਕ ਸਿੱਖ ਜੋ ਘੋੜਿਆਂ ਦਾ ਵਪਾਰੀ ਸੀ, ਉਸ ਨੇ ਕਾਬੁਲ ਤੋਂ ਘੋੜੇ ਖਰੀਦੇ। ਉਹਨਾਂ ਵਿਚੋਂ ਇਕ ਘੋੜਾ ਬਹੁਤ ਹੀ ਸੁੰਦਰ ਸੀ। ਉਸ ਨੇ ਉਹ ਗਿਆਰਾਂ ਹਜ਼ਾਰ ਦਾ ਸਤਿਗੁਰਾਂ ਵਾਸਤੇ ਖਰੀਦਿਆ। ਜਦ ਪਿਸ਼ੌਰ ਆਇਆ ਤਾਂ ਉਥੋਂ ਦੇ ਸੂਬੇ ਨੇ ਉਸ ਤੋਂ ਸਾਰੇ ਘੋੜੇ ਖਰੀਦ ਲਏ ਅਤੇ ਸਤਿਗੁਰਾਂ ਵਾਲਾ ਘੋੜਾ ਵੀ ਬਦੋਬਦੀ ਖਰੀਦ ਲਿਆ। ਸਿੱਖ ਬਹੁਤ ਹੀ ਬੇਚੈਨ ਸੀ, ਉਸ ਨੇ ਸਾਰੀ ਵਾਰਤਾ ਸਤਿਗੁਰਾਂ ਨੂੰ ਦੱਸੀ। ਸਤਿਗੁਰਾਂ ਬਚਨ ਕੀਤਾ ਤੂੰ ਫਿਕਰ ਨਾ ਕਰ ਤੇਰੀ ਭੇਟ ਪਹੁੰਚ ਗਈ । ਜੇਕਰ ਤੂੰ ਸਾਡੇ ਲਈ ਲਿਆਇਆ ਹੈਂ ਤਾਂ ਏਥੇ ਹੀ ਆਵੇਗਾ। ਸਤਿਗੁਰਾਂ ਦੀ ਖੇਡ ਉਹੀ ਜਾਣਦਾ ਹੈ। ਛੇਤੀ ਹੀ ਉਸ ਘੋੜੇ ਦੀ ਲੱਤ ਖਰਾਬ ਹੋ ਗਈ ਤਾਂ ਉਹ ਘੋੜਾ ਉਨ੍ਹਾਂ ਇਕ ਕਾਜ਼ੀ ਨੂੰ ਦੇ ਦਿੱਤਾ। ਕਾਜ਼ੀ ਨੇ ਉਹ ਘੋੜਾ ਸਤਿਗੁਰਾਂ ਨੂੰ ਵੇਚ ਦਿੱਤਾ। ਸਤਿਗੁਰਾਂ ਕਿਰਪਾ ਕੀਤੀ ਉਹ ਘੋੜਾ ਬਿਲਕੁਲ ਠੀਕ ਹੋ ਗਿਆ। ਕਾਜ਼ੀ ਆ ਕੇ ਹੋਰ ਪੈਸੇ ਮੰਗਣ ਲੱਗਾ। ਇਸ ਗੱਲ ਤੇ ਉਸ ਨਾਲ ਨਰਾਜ਼ਗੀ ਹੋ ਗਈ। ਉਸੇ ਕਾਜ਼ੀ ਦੀ ਲੜਕੀ ਸੀ ਕੌਲਾਂ, ਉਹ ਮੀਆਂ ਮੀਰ ਦੀ ਚੇਲੀ ਸੀ। ਮੀਆਂ ਮੀਰ ਤੋਂ ਉਹ ਸਤਿਗੁਰਾਂ ਦੀ ਸੋਭਾ ਸੁਣਦੀ ਹੁੰਦੀ ਸੀ ਅਤੇ ਮੀਆਂ ਮੀਰ ਨੇ ਗੁਰਬਾਣੀ ਪੜ੍ਹਨੀ ਤੇ ਉਸ ਨੇ ਸੁਣ ਕੇ ਕੰਠ ਕਰ ਲੈਣੀ। ਕੌਲਾਂ ਨੇ ਜਦ ਉਹ ਬਾਣੀ ਪੜ੍ਹਨੀ ਤਾਂ ਕਾਜ਼ੀ ਨੇ ਬਹੁਤ ਕਰੋਧ ਵਿਚ ਆ ਜਾਣਾ ਕਿਉਂਕਿ ਉਹ ਸਤਿਗੁਰਾਂ ਨਾਲ ਵੱਧ ਘੱਟ ਬੋਲ ਕੇ ਗਿਆ ਸੀ। ਕਾਜ਼ੀ ਨੇ ਇਹ ਕਹਿਣਾ ਕੌਲਾਂ ਕਾਫਰਾਂ ਦੀ ਬਾਣੀ ਮਤ ਪੜ੍ਹਿਆ ਕਰ। ਜਦ ਉਹ ਨਾ ਮੰਨੀ ਤਾਂ ਕਿਸੇ ਢੰਗ ਨਾਲ ਮਾਰਨਾ ਚਾਹਿਆ। ਮੀਆਂ ਮੀਰ ਨੇ ਉਸ ਨੂੰ ਇਕ ਆਪਣੇ ਬੰਦੇ ਨਾਲ ਗੁਰੂ ਦੀ ਸ਼ਰਨ ਭੇਜ ਦਿੱਤਾ, ਨਾਲ ਹੀ ਇਕ ਚਿੱਠੀ ਲਿਖ ਭੇਜੀ ਕੌਲਾਂ ਆਪ ਦੀ ਸ਼ਰਨ ਆਈ ਹੈ। ਸਾਡਾ ਫਕੀਰਾਂ ਦਾ ਤੇ ਤੁਹਾਡਾ ਫਰਜ਼ ਬਣਦਾ ਹੈ ਜੋ ਸ਼ਰਨ ਆਏ ਉਸ ਦੀ ਰੱਖਿਆ ਕਰਨੀ। ਮੈਂ ਇਸ ਨੂੰ ਇਸ ਕਰਕੇ ਨਹੀ ਰੱਖ ਸਕਦਾ ਕਿਉਂਕਿ ਕਾਜ਼ੀਆਂ ਦਾ ਫਤਵਾ ਲੱਗ ਚੁੱਕਾ ਹੈ ਇਸ ਨੂੰ ਮਾਰਨ ਦਾ, ਇਸ ਲਈ ਮੇਰੇ ਕੋਲ ਹੋਈ ਤਾਂ ਬਾਦਸ਼ਾਹ ਦੇ ਆਦਮੀਆਂ ਨੇ ਇਸ ਨੂੰ ਲੈ ਜਾਣਾ ਹੈ। ਇਸ ਲਈ ਤੁਸੀਂ ਇਸ ਤੇ ਕਿਰਪਾ ਕਰੋ, ਕਿਸੇ ਤਰ੍ਹਾਂ ਵੀ ਹੋਵੇ ਰੱਖਿਆ ਕਰੋ ਜੀ। ਇਸ ਤਰ੍ਹਾਂ ਕੌਲਾਂ ਅੰਮ੍ਰਿਤਸਰ ਆਈ ਅਤੇ ਸਤਿਗੁਰਾਂ ਨੇ ਉਸ ਦੀ ਵੱਖਰੀ ਰਿਹਾਇਸ਼ ਕਰ ਦਿੱਤੀ ਅਤੇ ਨਾਲ ਹੀ ਇਕ ਸਰੋਵਰ ਬਣਵਾ ਦਿੱਤਾ ਜੋ ਸਦਾ ਕੌਲਾਂ ਦੀ ਯਾਦ ਕਰਾਉਂਦਾ ਰਹੇਗਾ।

**ਫਕੀਰ ਜਹਾਂਗੀਰ ਸ਼ਾਹ–**

ਏਸੇ ਤਰ੍ਹਾਂ ਸਤਿਗੁਰੂ ਜੀ ਸਭ ਨੂੰ ਤਾਰਦੇ ਹੋਏ ਕਾਬੁਲ ਤੇ ਹੋਰ ਸਾਰੇ ਪਾਸੇ ਦੀਆਂ ਸੰਗਤਾਂ ਨੂੰ ਤਾਰਦੇ ਹੋਏ ਗੁਜਰਾਤ ਜਾ ਪਹੁੰਚੇ। ਉਥੇ ਇਕ ਫਕੀਰ ਜਹਾਂਗੀਰ ਸ਼ਾਹ ਸੀ। ਉਥੋਂ ਦਾ ਮੰਨਿਆ ਪ੍ਰਮੰਨਿਆ ਹੋਇਆ। ਇਹ ਸ਼ੇਰ ਦੀ ਸਵਾਰੀ ਤੇ ਸੱਪ ਦੇ ਚਾਬੁਕ ਰੱਖਦਾ ਸੀ। ਉਹ ਆਪਣੇ ਹੰਕਾਰ ਵਿਚ ਹੀ ਸਤਿਗੁਰਾਂ ਨੂੰ ਮਿਲਣ ਆਇਆ। ਸ਼ੇਰ ਨੇ ਦੂਰੋਂ ਹੀ ਸਤਿਗੁਰਾਂ ਦੇ ਦਰਸ਼ਨ ਕੀਤੇ ਅਤੇ ਫਕੀਰ ਨੂੰ ਥੱਲੇ ਸੁੱਟ ਕੇ ਨੱਸ ਗਿਆ। ਫਕੀਰ ਉਠਿਆ ਤੇ ਸਤਿਗੁਰਾਂ ਨੂੰ ਮੱਥਾ ਟੇਕਿਆ ਤੇ ਸਵਾਲ ਕਰਨ ਲੱਗਾ–{੧} ਹਿੰਦੂ ਕੀ ਤੇ ਪੀਰ ਕੀ {੨} ਔਰਤ ਕੀ ਤੇ ਫਕੀਰ ਕੀ {੩} ਦੌਲਤ ਕੀ ਫਿਰ ਤਿਆਗ ਕੀ {੪} ਔਲਾਦ ਕੀ ਤੇ ਬੈਰਾਗ ਕੀ {੫} ਮਜ਼ਹਬ ਕੀ ਤੇ ਸਚਿਆਰ ਕੀ {੬} ਪੁਜਾਰੀ ਕਿਆ ਤੇ ਸਵਾਬ ਕਿਆ {੭} ਮਾਰੂਥਲ ਕਿਆ ਤੇ ਆਬ ਕਿਆ {੮} ਆਰਫ ਕਿਆ ਤੇ ਦੁਨੀਆਂਦਾਰ ਕਿਆ॥

ਉੱਤਰ ਸਤਿਗੁਰੂ ਜੀ ਵਲੋਂ–{੧} ਪੀਰ ਰੱਬ ਦਾ ਦਾਨ ਹੈ {੨} ਔਰਤ ਇਮਾਨ ਹੈ {੩} ਦੌਲਤ ਗੁਜ਼ਰਾਨ ਹੈ {੪} ਪੁੱਤਰ ਨਿਸ਼ਾਨ ਹੈ {੫} ਮਜ਼ਹਬ ਸੁਧਾਰ ਹੈ {੬} ਪੁਜਾਰੀ ਆਚਾਰ ਹੈ {੭} ਮਾਰੂਥਲ ਮੇਂ ਜਲ ਕੁਦਰਤ ਕਰਤਾਰ ਹੈ {੮} ਆਰਫ ਵਿਚਾਰ ਹੈ। ਇਹ ਜਵਾਬ ਸੁਣ ਕੇ ਉਸ ਨੇ ਸਤਿਗੁਰਾਂ ਦੇ ਚਰਨ ਫੜ ਲਏ ਅਤੇ ਆਖਣ ਲੱਗਾ, "ਦੀਨ ਦੁਨੀਆ ਕੇ ਪੀਰ ਮੁਝੇ ਬਖਸ਼ੋ!"

ਇਸ ਸੰਸਾਰ ਤੇ ਸਤਿਗੁਰਾਂ ਨੇ ਪਹਿਲਾਂ ਐਸੇ ਬੰਦੇ ਵੀ ਭੇਜੇ ਹਨ ਜੋ ਤ੍ਰੇਤੇ ਵਿਚ ਮਹਾਰਾਜਾ ਦਸ਼ਰਥ ਵਰਗੇ ਦੇ ਸਵਰਗ ਘਰ ਵਿਚ ਮਹਾਰਾਣੀ ਕਕੇਈ ਦੀ ਬੁੱਧ ਫਿਰਾ ਦਿੰਦੇ ਹਨ। ਇਸੇ ਤਰ੍ਹਾਂ ਇਕ ਦਿਨ ਮਸੰਦਾਂ ਨੇ ਮਾਤਾ ਮਹਾਂਦੇਵੀ ਨੂੰ ਕੁਝ ਗੱਲਾਂ ਕਰਕੇ ਗੁਰਗੱਦੀ ਬਾਰੇ ਸਮਝਾਇਆ। ਮਾਤਾ ਜੀ ਨੇ ਸਤਿਗੁਰਾਂ ਅੱਗੇ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ ਵੱਡੇ ਟਿਕਾ ਜੀ ਗੁਰਦਿਤਾ ਜੋ ਗੁਰਗੱਦੀ ਦੇ ਲਾਇਕ ਸਨ, ਉਹ ਗੁਰਪੁਰੀ ਸਿਧਾਰ ਗਏ ਹਨ, ਦੂਸਰਾ ਵੱਡਾ ਪੁੱਤਰ ਗੁਰੂ ਗ੍ਰੰਥ ਲੈ ਗਿਆ, ਉਹ ਉਸ ਦਾ ਸਹਾਰਾ ਲੈ ਬੈਠਾ ਹੈ। ਇਸ ਲਈ ਗੁਰਗੱਦੀ ਦਾ ਅਧਿਕਾਰੀ ਹੁਣ ਸੂਰਜ ਮੱਲ ਹੀ ਹੈ ਅਗਰ ਤੁਸੀਂ ਇਸ ਨੂੰ ਛੱਡ ਕੇ ਪੋਤਰੇ ਨੂੰ ਗੱਦੀ ਦਿਉ ਇਹ ਮੁਨਾਸਿਬ ਨਹੀਂ। ਸਤਿਗੁਰਾਂ ਬਚਨ ਕੀਤਾ, ਇਹ ਵੱਡੇ ਜਪ ਤਪ ਦਾ ਫਲ ਹੁੰਦਾ ਹੈ ਜੋ ਧੁਰੋਂ ਹੀ ਮਿਲਦਾ ਹੈ। ਅਕਾਲ ਪੁਰਖ ਜਿਸ ਦੀ ਤਪੱਸਿਆ ਹੁੰਦੀ ਹੈ, ਉਸੇ ਨੂੰ ਦਿੰਦਾ ਹੈ। ਇਹ ਹਰਿਰਾਇ ਦੀ ਤਪੱਸਿਆ ਉਸ ਨੂੰ ਮਿਲੇਗੀ। ਤੁਸੀਂ ਪੁੱਤਰਾਂ ਦਾ ਫਿਕਰ ਨਾ ਕਰੋ। ਉਹ ਅਪਣਾ ਫਲ ਜ਼ਰੂਰ ਪਾਉਣਗੇ। ਫਿਰ ਮਾਤਾ ਨਾਨਕੀ ਜੀ ਨੇ ਅਰਜ਼ ਕੀਤੀ ਸੱਚੇ ਪਾਤਸ਼ਾਹ ਤਿਆਗ ਮੱਲ ਤਾਂ ਬਹੁਤ ਭੋਲਾ ਹੈ, ਉਹ ਤਾਂ ਸੰਸਾਰੀ ਗੱਲਾਂ ਵੱਲ ਧਿਆਨ ਹੀ ਨਹੀਂ ਦਿੰਦਾ, ਨਾ ਹੀ ਮਸੰਦਾਂ ਨਾਲ ਕੋਈ ਮੇਲ ਰੱਖਦਾ ਹੈ ਉਸ ਦਾ ਕੀ ਹੋਵੇਗਾ? ਸਤਿਗੁਰੂ ਜੀ ਹੱਸਕੇ ਬਚਨ ਕੀਤਾ, ਇਹ ਭੋਲੇ ਭਾਲੇ ਹੀ ਰੱਬ ਰੂਪ ਹੁੰਦੇ ਹਨ। ਇਸ ਨੇ ਤਾਂ ਹਿੰਦ ਧਰਮ ਦੀ ਸ਼ਾਨ ਬਣਨਾ ਹੈ।

ਸੰਮਤ ੧੬੯੧ ਬਿ. ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਕਰਤਾਰਪੁਰ ਆ ਗਏ ਅਤੇ ਆਪ ਜੀ ਦੇ ਵੱਡੇ ਪੁੱਤਰ ਬਾਬਾ ਗੁਰਦਿਤਾ ਜੀ ਨੇ ਆਪ ਜੀ ਦੇ ਹੁਕਮ ਅਨੁਸਾਰ ਸ੍ਰੀ ਚੰਦ ਜੀ (ਜੋ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਸਨ) ਦਾ ਉਦਾਸੀ ਬਾਣਾ ਧਾਰਨ ਕੀਤਾ। ਸਤਿਗੁਰਾਂ ਨੇ ਉਸ ਮੇਲੇ ਦੇ ਸਮੇਂ ਜਦ ਸਾਰੀਆਂ ਸੰਗਤਾਂ ਇਕੱਠੀਆਂ ਸਨ, ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਯੋਗ ਆਪਣੇ ਪੋਤਰੇ ਗੁਰੂ ਹਰਿ ਰਾਇ ਜੀ ਨੂੰ ਜਾਣ ਕੇ ਆਪਣਾ ਜਾਨਸ਼ੀਨ ਥਾਪ ਕੇ ਗੁਰਗੱਦੀ ਦਾ ਤਿਲਕ ਕਰਾ ਕੇ ਮੱਥਾ ਟੇਕਿਆ ਫਿਰ ਹੋਰ ਸਭ ਨੇ ਮੱਥਾ ਟੇਕਿਆ। ਗੁਰੂ ਤੇਗ ਬਹਾਦਰ, ਸੂਰਜ ਮੱਲ ਤੇ ਸਾਰੀ ਸੰਗਤ ਨੇ ਨਮਸਕਾਰ ਕਰਕੇ ਗੁਰਾਂ ਦੀਆਂ ਖੁਸ਼ੀਆਂ ਲਈਆਂ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਦੇਹ ਦੇ ਉਹਲੇ ਤੋਂ ਪਹਿਲਾ ਹੀ ਸ੍ਰੀ ਹਰਿਰਾਇ ਜੀ ਨੂੰ ਗੱਦੀ ਤੇ ਬਿਠਾ ਦਿੱਤਾ ਸੀ।

ਉਸ ਦੀ ਮਹਿਮਾ ਦਾ ਕੋਈ ਅੰਤ ਨਹੀਂ ਲੈ ਸਕਦਾ, ਸਤਿਗੁਰ ਦੀ ਲੀਲਾ ਉਹ ਹੀ ਜਾਣੇ। ਇਨਸਾਨ ਕੀ ਜਾਣੇ ਸਾਰ ਉਹਦੀ ਨੂੰ, ਕੀ ਰੰਗ ਹਨ। ਆਖਦੇ ਨੇ ਕਿ ਜਦ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਦੇਹ ਦਾ ਉਹਲਾ ਕਰਨਾ ਸੀ ਤਾਂ ਆਪ ਜੀ ਨੇ ਇਕ ਪਤਾਲਪੁਰੀ ਨਾਮ ਦਾ ਕੋਠਾ ਬਣਵਾਇਆ ਹੋਇਆ ਸੀ, ਉਸ ਵਿਚ ਆਸਣ ਲਾ ਕੇ ਸਮਾਧੀ ਲੀਨ ਹੋ ਗਏ ਅਤੇ ਸਭ ਨੂੰ ਹੁਕਮ ਸੀ ਪੰਜ ਦਿਨ ਇਹ ਬੂਹਾ ਨਹੀਂ ਖੋਲ੍ਹਣਾ। ਹੁਕਮ ਅਨੁਸਾਰ ਪੰਜਵੇਂ ਦਿਨ ਬੂਹਾ ਖੋਲਿਆ ਤਾਂ ਵੇਖਿਆ ਸਤਿਗੁਰੂ ਜੀ ਦੇਹ ਦਾ ਉਹਲਾ ਕਰ ਗਏ ਸਨ। ਸਤਿਗੁਰਾਂ ਨਾਲ ਪਿਆਰ ਤਾਂ ਸਾਰੇ ਕਰਦੇ ਸਨ ਪਰ ਜਿਹਨਾਂ ਨੂੰ ਗੁਰੂ ਅੱਖਾਂ ਬਖਸ਼ਦਾ ਹੈ ਉਹ ਵੇਖ ਸਕਦੇ ਹਨ। ਆਖਦੇ ਨੇ ਕਿ ਦੁਬਿਸਤਾਨ ਮਜ਼ਹਬ ਵਿਚ ਲਿਖਿਆ ਹੈ ਕਿ ਰਾਜਾ ਰਾਮ ਪ੍ਰਤਾਪ ਸਿੰਘ ਰਾਜਪੂਤ ਤੇ ਉਸ ਦੇ ਪੁੱਤਰ ਰਾਮ ਸਿੰਘ ਨੇ ਸਤਿਗੁਰਾਂ ਦੀ ਚਿਖਾ ਵਿਚ ਛਾਲ ਮਾਰ ਕੇ ਆਪਣੇ ਪ੍ਰਾਣ ਤਿਆਗ ਦਿਤੇ ਸਨ ਕਿਉਂਕਿ ਰਾਮ ਸਿੰਘ ਦੀ ਭੈਣ ਨਾਲ ਮੁਗਲ ਸੂਬੇ ਨੇ ਜਬਰਦਸਤੀ ਕੀਤੀ, ਉਹ ਉਸ ਨੂੰ ਮਾਰ ਕੇ ਸਤਿਗੁਰਾਂ ਦੀ ਸ਼ਰਨ ਵਿਚ ਆਏ ਸਨ। ਮੁਗਲ ਇਹਨਾਂ ਦੇ ਮਗਰ ਪਏ ਹੋਏ ਸਨ ਮੁਸਲਮਾਨ ਬਨਾਉਣ ਲਈ। ਇਸ ਕਈ ਇਹਨਾਂ ਨੇ ਸੋਚਿਆ ਹੁਣ ਸਾਡੀ ਰੱਖਿਆ ਕਿਸੇ ਨਹੀਂ ਕਰਨੀ। ਅਸੀਂ ਏਸੇ ਦੀ ਸ਼ਰਨ ਵਿਚ ਜਾਈਏ। ਸਤਿਗੁਰ ਜੀ ਸਿਰਫ ੪੮ ਵਰ੍ਹੇ ਨੌਂ ਮਹੀਨੇ ਚਾਰ ਦਿਨ ਸਰੀਰਕ ਆਰਜੂ ਭੋਗੀ।

■

सतिजुग
1920 में स्थापित

### नामधारी क्षेत्र से नशा खत्म करने के लिए सतगुरु ने किया प्रेरित

# नशे पर नियंत्रण के लिए सहयोग करे सिख संगत : सद्गुरु उदय सिंह




प्रताप मंदिर संत नगर में हुए कार्यक्रम दौरान श्री सद्गुरु जी अपनी गद्दी पर बिराजमान।

रानियां, 7 जुन– गांव संत नगर स्थित प्रताप मंदिर में नामधारी पंथ के सद्गुरु उदय सिंह ने सिख संगतों को नशे की बुराई छोडने के लिए प्रेरित किया। सद्गुरु की हजूरी में सैंकडों सिख संगतों ने प्रण किया। सद्गुरु उदय सिंह ने कहा कि वर्तमान समय में नशे ने पूर्ण जोर किया हुआ है। शासन–प्रशासन नशे पर लगाम लगाने के लिए प्रयास कर रहा है। लेकिन उसका किया गया प्रयास का असर दिखाई नहीं दे रहा है। नशे पर नियंत्रण तभी होगा जब नामधारी संगत अपने बच्चों को नशा करने से रोकेगी।

नशे पर नियत्रण घर से होगा। कोई भी मां–बाप अपने बच्चों को नशा करते देखते हैं तो उनको प्यार से समझाओ। अगर नहीं मानते तो उन बच्चों को हमसे मिलवाओ। बच्चों के साथ सख्ती मत करो, सख्ती से बच्चा कभी नशा नहीं छोडेगा। बच्चों को प्यार से नशो की लत से छुटकारा दिलवाओ और राम नाम से जोडो।

उन बच्चों को कहो कि बेटा नशा करना है तो राम नाम का नशा करो। अगर इस नशे से आपको अंदर से खुशी नहीं मिलती तो फिर बात करना।

सद्गुरु ने कहा कि नामधारी क्षेत्र में से नशा इस तरह गायब कर दो कि हरियाणा के लोग या देश विदेश के लोग नशा न करने के मामले में जीवन नगर एरिया या नामधारी क्षेत्र का उदाहरण देने के लिए मजबूर हो जाएं। नशा इंसान को अंदर से खोखला कर रहा है और वह नामधारी संगत के लिए कलंक भी बन रहा है। सद्गुरु उदय सिंह जी ने कहा कि अगर नशे पर लगाम नहीं रही तो कलियुग के हत्थे चड़कर इंसान हैवान बन जायेगा।

इसका क्षेत्र बढ़ते बढ़ते पूरी कायनात पर छा जाएगा जो कि दुनिया के विनाश का कारण बनेगा। ऐसा न हो इसलिए सिख संगत क्षेत्र से नशे को दूर करने के लिए जी जान लगा दे तो इसमें नामधारी संगत की जीत होगी। इसी स्थिति को मध्य नजर रखते हुए श्री सद्गुरु उदय सिंह जी के हुक्म अनुसार इलाका श्री जीवन नगर, रानीयां, संत नगर, जगजीत नगर, दमदमा, धर्मपुरा, अमरासर, प्रताप नगर, मिर्जापुर आदि स्थानो के मांस, शराब की दुकाने बंद करवा दी गईं हैं। कार्यक्रम के दौरान एस.डी.एम श्री प्रदीप दहिया, ने कहा कि यह बडे गौरव की बात है कि सद्गुरु नशे पर लगाम लगाने के लिए सिख संगतों को उपदेश दे रहे हैं। क्षेत्र से नशें को खत्म करने के लिए संगत का सहयोग जरुरी है अक्सर प्रशासन भी नशे पर नियंत्रण के लिए हर संभव प्रयास करेगा और नामधारी क्षेत्र से नशे पर लगाम लगाई जायेगी।

इस मौके पर थाना प्रभारी दलीप सिंह, संत पूर्ण सिंह विरक, लखा सिंह किलेवाला, सूबा बलकार सिंह, सरपंच गुरदीप सिंह, र्स्वण सिंह विर्क, मलकीत सिंह खोसा जिला पार्षद मलकीत रंधावा, सरपंच बूटा सिंह गिल, बूटा सिंह, सुखदेव सिंह, धियान सिंह मुक्ता, भाग सिंह सहित नामधारी संगत मौजुद थी। –सिरसा केसरी




हजारों की गिनती में पहुंची साध संगत।

PARVACHAN

SRI SATGURU JAGJIT SINGH JI

## WE OWE ALL THIS PROSPERITY TO THE GRACEFUL BLESSINGS OF SRI SATGURU JI



**Once we have, very fortunately, received the glorified shelter of Sri Satguru Ji, why then should we ever groan for anything. Sri Satguru Ji after personally supervising, got us safely out of the troubles of Pakistan. We owe this entirely to Sri Satguru JI's kind-hearted guidance that we should be doing and also persuading others to do Naam Simran, recitation of Gurbani, bathing in the wee hours of the morning and giving away something in charity. We should be doing all this as naturally as a part of our character.**

**– Translated by JSH**

# JOTI JOT DIWAS OF SRI GURU ARJAN DEV JI AT SOUTHALL, UK



**Dr Yadwinder Singh on his first tour to the UK delivering his first katha in Southall.**

11 June 2016: Sadh Sangat marked the Shaheedi and Joti Jot diwas of Sri Guru Arjan Dev Ji with Katha, Kirtan and Naam Simran.

After the hour of Naam Simran, the evening program comprised of Katha and Kirtan. Following in the footsteps of his fore-fathers, Pandit Harbhajan Singh Khundwalia's son, Dr Yadwinder Singh delivered a katha on the concept and benefits of 'sat sangat'. Yadwinder singh ji's unparalleled knowledge in Veds, Simirtees and Granths is supreme. The Sadh Sangat Ji is making most of it while his blessed presence in UK.

Raagis followed up with kirtan. Starting with a drupat (Shabad of Bhagat Namdev's bani in Sri Adi Guru Granth Sahib -

**ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ।।**

**Mai Andhhulae Kee Ttaek Thaeraa Naam Khundhakaaraa ||**

Later they sung a Shabad found in Savaiye (praise of Guru Arjan Dev) in Bhatt Mathura:

**ਰਾਮਦਾਸ ਗੁਰੂ ਜਗ ਤਾਰਨ ਕੌ ਗੁਰ ਜੋਤਿ ਅਰਜੁਨ ਮਹਿ ਧਰੀ।।**

**Raamadhaas Guroo Jag Thaaran Ko Gur Joth Arajun Maahi Dhharee |**

The kirtan was performed by Ustad Harbhajan Singh with support by Ustad Gurdev Singh, Ustad Surjit Singh and Sarabjit Singh.

**Before the Kirtan :** Led by Yadwinder Singh, a recitation of Japji Sahib paath was collectively practised by the Sadh Sangat. The evening drew to a close after Ajeet Singh spoke on recent historic days, including the Joti Jot Diwas of Sri Guru Arjan Dev Ji & Satguru Hari Singh Ji (31 May 2016), and Satguru Ram Singh Ji's important social reforms of Amrit Administration to Women (1st June) and the First Anand Karaj ceremony anniversary which fell on 3rd June. Ajeet Singh also shared a few words on Suba Sahib Singh who was appointed by Satguru Ram Singh Ji to spread his mission in the latter half of the 19th Century. On 10 June 1879, Suba ji sacrificed his life during his custody by the British.

Youngster Attar Kaur Hanspal made a special initiative to collect money for Charity. She collected funds by making and selling Cup Cakes to members of Sadh Sangat.

Langar seva was by Sooba Kuldip Singh Chana & family.

**Satpal Singh Bhuller**

SATJUG
ESTABLISHED IN 1920

## A REACTION TO THE CANADIAN PRIME MINISTERS APOLOGY ON THE KOMAGATA MARU INCIDENT.

**That The Truth Will Always Prevail In The End.**

In reference to article written By the Honourable H.S. Hanspal highlighting the importance of the truth being established. That article reinforced the teachings of Sri Satguru Uday Singh Ji that the righteous path will always succeeds in the end.

It took 102 years for truth to prevail in this case; two things have occurred following the Komagata Maru Incident, Canada has not only reformed over the last 100 hundred years with its immigration policy of acceptance for Sikhs, but with the recent changes in the Government one of the early administration decisions was for the Prime Minister to accept the wrong doing regarding the Komagata Maru incident and apologise publicly on behalf of the Country.

Now if we step back and reflect on Sri Satguru Ram Singh Ji's Mission of an Independent India through the means of peaceful resistance; this truth has come into fruition, however the acceptance of the truth by British for their wrong doings during the rule of India remain. What I'm referring to is Malerkotla Incident which was far more severe than The Komogata Maru incident where 66 kukas including 12 year old Bishan were martyred by cannon fodder and beheading without due process being administered. With more than 144 years on it is very apparent that the British Government should do more and follow suite like their colonial partners, Canada and provide an apology such that the full truth may prevail.

**Balbir Singh Bobby**

## APOLOGY!

Sri Hanspal Ji's article on the 'Canadian Prime Minister's Apology for Komagata Maru' and eventually asking for a similar response from the British Government for the atrocities committed to the freedom fighter Kukas who were blown by cannons-'Without any trial and conviction' is an eye opener.

Although these apologies do not mean anything after a considerable number of years have passed, their significance for the future generation would be vital in assessing the exact situation, which transpired in those gone years of Indian Independence.

**Harjinder Kanwal.**

## MATRIMONIAL

**Alliance invited for Namdhari boy, 26, 5 feet 10 inch, B.Tech., working in New Zealand. NRI match shall be preferred.**

**Contact: 09872966906 Post Box: 1006**

❖❖❖

**Alliance Invited for Namdhari girl, Age 25, height 5 feet 3 inches, Graduate, 2 Year course of Web Desiging and Tally (Accounts).**

**Contact No. 09872625555 Post Box : 1009**

**Correspond Care :**

**SATJUG**

**Namdhari Gurdwara Ramesh Nagar, New Delhi-15**

**e-mail : satjug_weekly@gmail.com**

# ਸ੍ਰੀ ਸਤਿਗੁਰੂ ਜੀ ਦਾ ਥਾਈਲੈਂਡ ਦੌਰਾ 2016...(ਬਾਕੀ ਸਫਾ 2 ਦੀ)



ਸ੍ਰੀ ਸਤਿਗੁਰੂ ਜੀ ਥਾਈਲੈਂਡ ਦੀ ਨਿੱਕੀ ਫੁਲਵਾੜੀ ਨੂੰ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਸਿੰਜਦੇ ਹੋਏ।



ਚਿੰਗਮਈ ਬੈਂਕੋਕ ਵਿਖੇ ਸ੍ਰੀ ਸਤਿਗੁਰੂ ਜੀ ਆਪਣੇ ਸਿਖਾਂ ਦੇ ਪਰਿਵਾਰਾਂ ਨੂੰ ਦਰਸ਼ਨ ਦੇ ਕੇ ਨਿਵਾਜਦੇ ਹੋਏ।

ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਸੰਤ ਜਸਪਾਲ ਸਿੰਘ ਸਚਦੇਵ ਦੇ ਘਰ ਹੋਇਆ। ਰਾਗੀ ਜਥੇ ਵਿੱਚ ਘੁੱਲਾ ਜੀ ਦੇ ਨਾਲ ਜ: ਗੁਰਲਾਲ ਸਿੰਘ, ਸੁਖਵਿੰਦਰ ਸਿੰਘ, ਬਲਬੀਰ ਸਿੰਘ ਬੰਗਲੌਰ, ਜਸਪਾਲ ਸਿੰਘ ਸਚਦੇਵ ਸਨ। ਪਿੱਛੇ ਪਾਉੜੀ ਪੜਦੇ ਛੋਟੇ ਬੱਚਿਆਂ ਨੂੰ ਵੇਖ ਸਤਿਗੁਰੂ ਜੀ ਮੁਸਕੁਰਾਹਟ ਬਖਸ਼ ਉਹਨਾਂ ਦੀ ਹੌਂਸਲਾ ਅਫਜਾਈ ਕਰ ਰਹੇ ਸਨ।

**ਸਤਿਗੁਰੂ ਜੀ ਦਾ ਧਿਆਨ :** ਸ੍ਰੀ ਸਤਿਗੁਰੂ ਜੀ ਨਾਲ ਰਹਿੰਦਿਆਂ ਅਕਸਰ ਵੇਖਣ ਨੂੰ ਮਿਲਦਾ ਹੈ ਕਿ ਆਪ ਜੀ ਦੀ ਨਜ਼ਰ ਕਿੰਨੀ ਬਾਰੀਕ ਹੈ, ਇੱਕ ਬੱਚਾ ਵਾਰ ਚ ਬੈਠਿਆਂ ਨਮਸਕਾਰ ਕਰਨ ਆਇਆ ਉਸ ਦੀ ਮਾਲਾ ਨਮਸਕਾਰ ਕਰਨ ਲੱਗਿਆਂ ਜਮੀਨ ਤੇ ਲੱਗ ਰਹੀ ਸੀ ਸਤਿਗੁਰੂ ਜੀ ਉਸਨੂੰ ਮਾਲਾ ਚੁੱਕਣ ਦਾ ਇਸ਼ਾਰਾ ਕੀਤਾ। ਸੇਵਕ ਆਸਾ ਸਿੰਘ ਨੇ ਉੱਠ ਕੇ ਉਸ ਬੱਚੇ ਨੂੰ ਪਿਆਰ ਨਾਲ ਸਮਝਾਇਆ ਕਿ ਪਾਤਿਸ਼ਾਹ ਜੀ ਤੈਨੂੰ ਇਸ ਮਾਲਾ ਦੀ ਪਵਿੱਤਰਤਾ ਦਾ ਧਿਆਨ ਰੱਖਣ ਲਈ ਕਹਿ ਰਹੇ ਹਨ। ਉਸ ਬੱਚੇ ਦੇ ਨਾਲ ਵੇਖ ਰਹੇ ਹੋਰ ਬਹੁਤ ਸਾਰਿਆਂ ਨੇ ਵੀ ਇਸ ਪਾਵਨ ਹੁਕਮ ਨੂੰ ਹਿਰਦੇ ਵਸਾਇਆ।ਵਾਰ ਤੋਂ ਬਾਅਦ ਜਦੋਂ ਰਾਗੀਆਂ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਤਾਂ ਸਤਿਗੁਰੂ ਜੀ ਘੁੱਲਾ ਜੀ ਨੂੰ ਮੁਖਾਤਿਬ ਹੁੰਦਿਆਂ ਭਾਈ ਗੁਰਦਾਸ ਜੀ ਦੀ ਉਚਾਰੀ ਤੁਕ ਪੜੀ, **ਕੁਰਬਾਣੀ ਤਿਨਾਂ ਗੁਰਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ''।** ਸਤਿਗੁਰੂ ਜੀ ਵਲੋਂ ਬਖਸ਼ੇ ਇਸ ਮਾਣ ਨੇ ਹਜ਼ੂਰੀ ਰਾਗੀ ਹਰਬੰਸ ਸਿੰਘ ਘੁੱਲਾ ਜੀ ਨੂੰ ਮਸਤਾਨਿਆਂ ਕਰ ਦਿੱਤਾ। ਸਤਿਗੁਰੂ ਜੀ ਨੇ ਤੇ ਸਾਰੀ ਸੰਗਤ ਨੇ ਘਰ ਵਾਲਿਆਂ ਵਲੋਂ ਤਿਆਰ ਪ੍ਰਸ਼ਾਦ-ਪਾਣੀ ਛਕਿਆ। ਪਰਿਵਾਰ ਨੂੰ ਚਰਨਾਂ ਚ ਬੈਠਾ ਕੇ ਸਿੱਖੀ ਨੂੰ ਪੱਕਿਆਂ ਕਰਨ ਲਈ ਉਪਰਾਲਾ ਕਰਨ ਦਾ ਹੁਕਮ ਕੀਤਾ ਤੇ ਨਾਮ ਸਿਮਰਨ ਕਰਨ ਲਈ ਪ੍ਰੇਰਦਿਆਂ ਗੁਰਬਾਣੀ ਦੀ ਇਹ ਤੁਕ ਪੜੀ, **ਦਿਨੁ ਰਾਤੀ ਆਰਾਧਹੁ ਪਿਆਰੇ ਨਿਮਖ ਨ ਕੀਜੈ ਢੀਲਾ॥** ਦਿਨੇ ਸਾਧ ਸੰਗਤ ਦੀ ਅਰਜ਼ ਤੇ ਸਤਿਗੁਰੂ ਜੀ ਨੇ, ਬੀਬੀ ਜੀ, ਹਜ਼ੂਰੀ ਸੇਵਕ ਤੇ ਬੀਬੀ ਕੰਵਲਜੀਤ ਕੌਰ ਨੂੰ ਨਾਲ ਲੈ ਕੇ ਉਹਨਾਂ ਦੇ ਘਰ ਚਰਨ ਪਾਏ। ਸਤਿਗੁਰੂ ਜੀ ਘਰਾਂ ਚ ਚਰਨ ਪਾਉਂਦਿਆਂ ਸਭ ਪਰਿਵਾਰ ਨੂੰ ਅਮ੍ਰਿਤ ਵੇਲੇ ਉੱਠਣ ਦਾ ਤੇ ਨਾਮ ਸਿਮਰਨ ਕਰਨ ਦਾ ਹੁਕਮ ਕਰਦੇ, ਖਾਸ ਕਰਕੇ ਬੱਚਿਆਂ ਵਲ ਧਿਆਨ ਦੇਣ ਲਈ ਮਾਪਿਆਂ ਨੂੰ ਪ੍ਰੇਰ ਰਹੇ ਸਨ। ਸੰਗਤ ਨੂੰ ਮਾਤਾ ਜੀ ਦਾ ਬਹੁਤ ਵਿਯੋਗ ਸੀ ਸਤਿਗੁਰੂ ਜੀ ਸਭ ਨੂੰ ਧੀਰ ਬਖਸ਼ਦੇ ਤੇ ਅਰਦਾਸ ਕਰਨ ਦਾ ਹੁਕਮ ਕਰਦੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ।

**ਘੁੱਲਾ ਜੀ ਦੀ ਭਾਵਨਾ :** ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਆਰੇ ਰਾਗੀ ਸੰਤ ਦਰਸ਼ਨ ਸਿੰਘ ਜੀ ਦੇ ਸਪੁੱਤਰ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਮੁੱਖ ਰਾਗੀ ਹਰਬੰਸ ਸਿੰਘ ਘੁੱਲਾ ਜੀ ਨੇ ਅੱਜ ਮੈਨੂੰ ਦੱਸਿਆ ਕਿ ਹਜ਼ੂਰ ਸਤਿਗੁਰੂ ਜੀ ਵੀ ਮੈਨੂੰ ਬਹੁਤ ਪਿਆਰ ਕਰਦੇ ਨੇ ਅਸੀਂ ਬਚਪਨ ਵਿੱਚ ਇਕੱਠੇ ਪੜਦੇ ਰਹੇ ਹਾਂ ਸੋ ਮੈ ਸਤਿਗੁਰੂ ਜੀ ਦਾ ਬਾਲ ਸਖਾ ਵੀ ਹਾਂ। ਇੱਕ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਮੇਰੇ ਛੋਟੇ ਬੇਟੇ ਅਜੇਪਾਲ ਲਈ ਬਚਨ ਕੀਤਾ ਸੀ ਕਿ ਇਹਨੂੰ ਕਿਸੇ ਵੱਡੇ ਉਸਤਾਦ ਕੋਲ ਸਿੱਖਣ ਭੇਜਣਾਂ ਹੈ। ਸਤਿਗੁਰੂ ਜੀ ਤਾਂ ਦੇਹ ਦਾ ਓਹਲਾ ਕਰ ਗਏ, ਇਹ ਸਤਿਗੁਰੂ ਜੀ ਗੁਰਗੱਦੀ ਤੇ ਬੈਠੇ ਤੇ ਇਹਨਾਂ ਕਈ ਵਾਰ ਮੈਨੂੰ ਪੁੱਛਣਾਂ ਕਿ ਅਜੇਪਾਲ ਅੱਜ ਕਲ ਕੀ ਕਰਦਾ ਹੈ, ਹੱਥ ਸੋਹਣਾ ਇਹਦਾ ਤਬਲੇ ਤੇ। ਇੱਕ ਦਿਨ ਹਜ਼ੂਰ ਨੇ ਮੈਨੂੰ ਆਖਿਆ ਕਿ ਓਜੇਪਾਲ ਨੂੰ ਬੁਲਾ ਤੇ ਹੁਕਮ ਕੀਤਾ ਕਿ ਤੈਨੂੰ ਕਿਸੇ ਵਧੀਆ ਉਸਤਾਦ ਕੋਲ ਲਾਉਣਾ, ਤੇਰੀ ਕੀ ਇੱਛਾ ਹੈ। ਅਜੇਪਾਲ ਆਖਿਆ ਜੀ ਪੰਡਤ ਯੋਗੇਸ਼ ਸਮਸੀ ਜੀ ਪਾਸ ਜਾਣਾ ਚਾਹੁੰਨਾ ਤਾਂ ਅੱਗੋਂ ਪਾਤਸ਼ਾਹ ਜੀ ਬਚਨ ਕੀਤਾ ਕਿ ਮੈਂ ਵੀ ਉਹਨਾਂ ਦਾ ਹੀ ਵਿਚਾਰ ਬਣਾਇਆ ਹੈ। ਉਚੇਚਿਆਂ ਪੰਡਿਤ ਜੀ ਨੂੰ ਹਵਾਈ ਜਹਾਜ ਰਾਹੀਂ ਸ੍ਰੀ ਭੈਣੀ ਸਾਹਿਬ ਬੁਲਾਇਆ। ਪ੍ਰਸ਼ਾਦ ਦੇ ਨਾਲ ਇਕਵੰਜਾ ਹਜ਼ਾਰ ਮੱਥਾ ਟਿਕਾ ਅਜੇਪਾਲ ਦੀ ਉਸਤਾਦੀ ਸ਼ਾਗਿਰਦੀ ਕਰਵਾਈ। ਇਹ ਸਤਿਗੁਰੂ ਤੋਂ ਬਿਨਾ ਕੌਣ ਕਰ ਸਕਦਾ ਹੈ। ਫੇਰ ਹੁਕਮ ਕੀਤਾ ਖਰਚੇ ਦਾ ਫਿਕਰ ਨਾ ਕਰੀ ਤੂੰ ਤਕੜਾ ਹੋ ਕੇ ਰਿਆਜ਼ ਕਰ ਤੇ ਮਨ ਲਾ ਕੇ ਸਿੱਖ। ਸੱਚੀ ਕਹਿਨਾ ਸਤਿਗੁਰੂ ਜਗਜੀਤ ਸਿੰਘ ਜੀ ਵਾਲੇ ਸਾਰੇ ਕਾਰਜ ਇਹ ਕਰ ਰਹੇ ਨੇ ਕੋਈ ਫਰਕ ਨਹੀ। ਘੁੱਲਾ ਜੀ ਵਾਰ ਵਾਰ ਬਲਿਹਾਰੇ ਜਾ ਰਹੇ ਸਨ।

**ਮਾਤਾ ਜੀ ਦੀ ਯਾਦ ਵਿੱਚ ਮੇਲਾ :** ਅੱਜ ਸ਼ਾਮ ਦਾ ਸਮਾਗਮ ਸ੍ਰੀ ਮਾਤਾ ਚੰਦ ਕੌਰ ਜੀ ਦੀ ਸ਼ਹਾਦਤ ਤੇ ਮਿੱਠੀ ਯਾਦ ਨੂੰ ਸਮਰਪਿਤ ਸੀ। ਸੋ ਠੀਕ ੬ ਵਜੇ ਸਤਿਗੁਰੂ ਜੀ ਸ਼ਾਮ ਦੇ ਨਿਤਨੇਮ ਵਿੱਚ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਉਪਦੇਸ਼ ਨਾਮ ਸਿਮਰਨ ਦੌਰਾਨ ਚਲ ਰਹੇ ਸਨ।ਜਥੇਦਾਰ ਗੁਰਲਾਲ ਸਿੰਘ ਨੇ ਮਾਤਾ ਜੀ ਦੀ ਯਾਦ ਵਿੱਚ ਉਹਨਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਉਹਨਾਂ ਦੀ ਜੀਵਨੀ ਤੇ ਸੰਖੇਪਕ ਝਾਤ ਮਾਰਦਿਆਂ ਹੱਲੇ ਦਾ ਦੀਵਾਨ ਲਗਾਇਆ। ਸ੍ਰੀ ਆਦਿ ਗ੍ਰੰਥ ਸਾਹਿਬ ਦੀ ਪਵਿੱਤਰ ਗੁਰਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ, ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ, ਮਾਤਾ ਜੀ ਦੀ ਯਾਦ ਵਿੱਚ ਤੇ ਸਤਿਗੁਰੂ ਜੀ ਦੇ ਬੈਂਕੌਕ ਦਰਸ਼ਨ ਦੇਣ ਲਈ ਸ਼ੁਕਰਾਨੇ ਵਜੋਂ।

ਹਜ਼ੂਰੀ ਰਾਗੀ ਹਰਬੰਸ ਸਿੰਘ ਜੀ ਦੇ ਜਥੇ ਨੇ ਕੀਰਤਨ ਕੀਤਾ। ਅੱਜ ਦਾ ਸ਼ਬਦ ਸੀ, **"ਧੰਨੁ ਧੰਨੁ ਤੂ ਮਾਤਾ ਦੇਵਕੀ"॥** ਕੀਰਤਨ ਤੋਂ ਬਾਅਦ ਛੋਟੇ ਬੱਚਿਆਂ ਨੇ ਅੰਗਰੇਜ਼ੀ ਤੇ ਪੰਜਾਬੀ ਵਿੱਚ ਮਾਤਾ ਜੀ ਦਾ ਜੀਵਨ ਬ੍ਰਿਤਾਂਤ ਪੜਿਆ ਅਤੇ ਕਵਿਤਾਵਾਂ ਸੁਣਾਈਆਂ। ਸਤਿਗੁਰੂ ਜੀ ਦੀ ਕਿਰਪਾ ਨਾਲ ਨੌਜਵਾਨ ਬੀਬੀ ਨੀਤੀ ਉੱਦਮ ਕਰਕੇ ਛੋਟੇ ਬੱਚਿਆਂ ਨੂੰ ਕੁਝ ਨਾ ਕੁਝ ਕਵਿਤਾ, ਅਰਦਾਸ, ਪਾਠ, ਦੀਵਾਨ ਆਦਿ ਸਿਖਾ ਸਤਿਗੁਰੂ ਜੀ ਦੇ ਸਾਹਵੇਂ ਕਰ ਖੁਸ਼ੀਆਂ ਲੈਂਦੀ ਹੈ।

**ਸੁਖਵਿੰਦਰ ਸਿੰਘ ਲਾਇਲ :** ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੁਖਵਿੰਦਰ ਸਿੰਘ ਲਾਇਲ ਨੇ ਸੰਗਤ ਨੂੰ ਸੰਬੋਧਨ ਹੁੰਦਿਆਂ ਸ੍ਰੀ ਮਾਤਾ ਚੰਦ ਕੌਰ ਜੀ ਦੀ ਮਹਾਨ ਸਖਸ਼ੀਅਤ ਨੂੰ ਨਤਮਸਤਕ ਹੁੰਦਿਆਂ ਜਿੱਥੇ ਉਹਨਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਉਥੇ ਉਹਨਾਂ ਦੇ ਜੀਵਨ ਤੋਂ ਸੇਧ ਲੈ ਕੇ ਸੇਵਾ,ਸਿਮਰਨ ਅਤੇ ਤਿਆਗ ਵਾਲੇ ਗੁਰਸਿੱਖੀ ਜੀਵਨ ਜੀਊਣ ਲਈ ਉਪਰਾਲਾ ਕਰਨ ਦੀ ਗਲ ਕੀਤੀ।

**ਸ ਮਹਿੰਦਰ ਸਿੰਘ ਸੇਠੀ :** ਥਾਈਲੈਂਡ ਦੇ ਰਾਧਾ ਸਵਾਮੀ ਸਮਾਜ ਪ੍ਰਮੁੱਖ ਸਰਦਾਰ ਮਹਿੰਦਰ ਸਿੰਘ ਸੇਠੀ ਨੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬੋਲਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਗੁਜ਼ਰੇ ਉਹਨਾਂ ਦੇ ਨਿੱਜੀ ਤਜ਼ੁਰਬੇ ਵਰਨਣ ਕਰਦਿਆਂ ਆਖਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਨਿਰਮਾਣਤਾ ਦੇ ਪੁੰਜ ਸਨ। ਦੂਸਰੇ ਧਰਮਾਂ ਦਾ ਸਤਿਕਾਰ ਕਰਨਾ ਕੋਈ ਆਪ ਜੀ ਦੇ ਜੀਵਨ ਤੋਂ ਸਿੱਖੇ।ਭੈਣੀ ਸਾਹਿਬ ਗਿਆਂ ਮਾਤਾ ਜੀ ਹਰ ਇੱਕ ਨੂੰ ਲੰਗਰ ਛਕਾਉਂਦੇ ਹੱਥੀ ਸੇਵਾ ਕਰਦੇ ਤੇ ਸ਼ਾਂਤ ਰਹਿੰਦੇ, ਉਹਨਾਂ ਦੀ ਯਾਦ ਅਮਿੱਟ ਹੈ ਤੇ ਉਹ ਸਦਾ ਅਮਰ ਹਨ।

**ਸਤਿਗੁਰੂ ਜੀ ਦੇ ਪ੍ਰਵਚਨ :** ਅਖੀਰ ਸਤਿਗੁਰੂ ਜੀ ਨੇ ਸੰਗਤ ਦੀ ਬੇਨਤੀ ਤੇ ਉਪਦੇਸ਼ ਬਖਸ਼ਦਿਆਂ ਹੁਕਮ ਕੀਤਾ ਕਿ ਇਹ ਵਰ੍ਹਾ ਸਤਿਗੁਰੂ ਰਾਮ ਸਿੰਘ ਜੀ ਦਾ ੨੦੦ਵਾਂ ਪ੍ਰਕਾਸ਼ ਵਰਾ ਹੈ ਸੋ ਸਾਧ ਸੰਗਤ ਉਹਨਾਂ ਦੇ ਮਹਾਨ ਉਪਕਾਰਾਂ ਨੂੰ ਯਾਦ ਕਰਦਿਆਂ, ਉਹਨਾਂ ਦੀ ਦੇਣ ਨੂੰ ਇਸ ਸੰਸਾਰ ਨੂੰ ਦੱਸਣ ਹਿੱਤ ਪਰੋਗਰਾਮ ਉਲੀਕੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਉਪਦੇਸ਼ ਜੇ ਅਸੀਂ ਹਿਰਦੇ ਵਿੱਚ ਵਸਾ ਲਈਏ ਤਾਂ ਸਾਡਾ ਜੀਵਨ ਸਉਰ ਸਕਦਾ ਹੈ ਸਾਨੂੰ ਸਿੱਖੀ ਦੀ ਸਮਝ ਆ ਸਕਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਸਾਨੂੰ ਨਿਰਮਾਣਤਾ ਸਿਖਾਈ ਹੈ ਤੇ ਜਿੰਨਾਂ ਚਿਰ ਨਿਰਮਾਣਤਾ ਨਹੀਂ ਆਉਂਦੀ ਸਿੱਖੀ ਦੀ ਨਾ ਸਮਝ ਆਉਂਦੀ ਹੈ ਤੇ ਨਾ ਸਿੱਖੀ ਦੀ ਸ਼ੁਰੂਆਤ ਹੁੰਦੀ ਹੈ।ਮਾਤਾ ਜੀ ਸਾਡੀ ਸਾਰਿਆਂ ਦੀ ਮਾਂ ਸਨ ਉਹਨਾਂ ਸਾਰਿਆਂ ਨੂੰ ਪਿਆਰ ਕੀਤਾ। ਉਹਨਾਂ ਦਾ ਜੀਵਨ ਸਤਿਗੁਰੂ ਜੀ ਦੇ ਹੁਕਮ ਮੰਨ ਉਹਨਾਂ ਦੀ ਰਜ਼ਾ ਨੂੰ ਸਮਝ ਸੇਵਾ ਕਰਨਾ ਸੀ। ਭੈਣੀ ਸਾਹਿਬ ਦੀ ਕੋਈ ਇਮਾਰਤ ਐਸੀ ਨਹੀਂ ਜਿਸ ਵਿੱਚ ਉਹਨਾ ਹੱਥੀ ਸੇਵਾ ਨਹੀ ਕੀਤੀ ਹੋਵੇ। ਮਸਤਾਨਗੜ੍ਹ ਦਾ ਇਲਾਕਾ ਮਾਤਾ ਜੀ ਆਪ ਸੇਵਾ ਕਰਕੇ ਬਹੁਤ ਸਾਰੇ ਕਸ਼ਟ ਝੱਲ ਆਬਾਦ ਕੀਤਾ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸਤਿਗੁਰੂ ਜੀ ਨੇ ਇਸ ਮੌਕੇ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਉਪਦੇਸ਼ਾਂ ਦੀ ਅੰਗਰੇਜ਼ੀ ਦੀ ਨਵੀਂ ਕਿਤਾਬ ਵੀ ਜਾਰੀ ਕੀਤੀ ਤੇ ਹੁਕਮ ਕੀਤਾ ਕਿ ਨੌਜਵਾਨ ਜਿਨਾਂ ਨੂੰ ਪੰਜਾਬੀ ਨਹੀਂ ਆਉਂਦੀ ਉਹ ਇਹ ਕਿਤਾਬ ਜ਼ਰੂਰ ਲਵੋ ਤੇ ਸਤਿਗੁਰੂ ਜੀ ਦੇ ਉਪਦੇਸ਼ ਪੜਕੇ ਉਹਨਾਂ ਨੂੰ ਹਿਰਦੇ ਵਿੱਚ ਵਸਾਓ, ਆਪਣੇ ਵਿਚਾਰ ਵੀ ਜਰੂਰ ਦੇਵੋ ਇਸ ਕਿਤਾਬ ਬਾਰੇ।ਇਸ ਤੋਂ ਇਲਾਵਾ ਨਾਮਧਾਰੀ ਨਿਤਨੇਮ ਦੇ ਨਵੇਂ ਛਪੇ ਗੁਟਕੇ ਬਾਰੇ ਵੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਹਰ ਘਰ ਵਿੱਚ ਜ਼ਰੂਰ ਹੋਣਾ ਚਾਹੀਦਾ ਹੈ।

**ਮੇਲੇ ਵਾਲਾ ਪ੍ਰੀਵਾਰ :** ਜ਼ਿਕਰਯੋਗ ਹੈ ਕਿ ਇਸ ਮੇਲੇ ਦੀ ਸੇਵਾ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਜ ਕਰ ਸਵਰਗੀ ਸੰਤ ਹਰਭਜਨ ਸਿੰਘ ਜੀ ਕੋਮਲ ਦੇ ਪ੍ਰੀਵਾਰ ਵੱਲੋਂ ਕੀਤੀ ਗਈ। ਸੰਤਾਂ ਦੇ ਪੁੱਤਰ ਅਰਿੰਦਰ ਸਿੰਘ ਟਿੱਲੂ ਨੇ ਸ੍ਰੀ ਸਤਿਗੁਰੂ ਜੀ ਦੇ ਸਾਲ ਵਿੱਚ ਘੱਟੋ ਘੱਟ ਇੱਕ ਮੇਲਾ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕਰਨ ਲਈ ਅਰਜ ਕੀਤੀ ਜੋ ਸਤਿਗੁਰੂ ਜੀ ਪ੍ਰਵਾਨ ਕਰਕੇ ਆਪਣੇ ਸਿੱਖ ਦੀ ਝੋਲੀ ਵਿੱਚ ਖੁਸ਼ੀਆਂ ਪਾਈਆਂ।

**ਗੁਰੂ ਸਿੱਖ ਦਾ ਪਿਆਰ:** ਗੁਰਦੁਆਰੇ ਤੋਂ ਵਾਪਸ ਡੇਰੇ ਜਾਣ ਲਈ ਜਦੋਂ ਸਤਿਗੁਰੂ ਜੀ ਆਪਣੀ ਕਾਰ ਵੱਲ ਜਾ ਰਹੇ ਸਨ ਤਾਂ ਰਾਹ ਚ ਹੀ ਵ੍ਹੀਲ ਚੇਅਰ ਤੇ ਬੈਠੀ ਬਜ਼ੁਰਗ ਮਾਤਾ ਕਲਕੱਤੇ ਵਾਲੀ ਬੀਬੀ ਜਿਸਨੇ ਅੱਖਾਂ ਦਾ ਅਪਰੇਸ਼ਨ ਕਰਾ ਕਾਲਾ ਚਸ਼ਮਾ ਲਾਇਆ ਸੀ ਪਾਤਿਸ਼ਾਹ ਜੀ ਨੂੰ ਆਵਾਜ ਦਿੱਤੀ। ਸਤਿਗੁਰੂ ਜੀ ਵੀ ਬੀਬੀ ਦੇ ਕੋਲ ਗਏ ਅਰਜ ਕਰਨ ਤੇ ਆਪਣਾ ਪਾਵਨ ਚਰਨ ਜਮੀਨ ਤੋਂ ਚੁੱਕਿਆ ਤੇ ਬੀਬੀ ਨੇ ਨਮਸਕਾਰ ਕੀਤੀ। ਬੀਬੀ ਅਰਜ ਗੁਜ਼ਾਰੀ ਜੀ ਜਲਦੀ ਦਰਸ਼ਨ ਦੇਣ ਦੀ ਕਿਰਪਾ ਕਰਿਆ ਕਰੋ ਗਰੀਬ ਨਿਵਾਜ਼। ਸਤਿਗੁਰੂ ਜੀ ਪੁੱਛਿਆ ਮਾਤਾ ਅਪ੍ਰੇਸ਼ਨ ਠੀਕ ਹੋ ਗਿਆ? ਬੀਬੀ ਅਰਜ ਕੀਤੀ ਜੀ ਤੁਹਾਡੀ ਕਿਰਪਾ ਹੈ ਨਾਲ ਹੀ ਸਤਿਗੁਰੂ ਜੀ ਨੂੰ ਕਲਾਵੇ ਵਿੱਚ ਲੈ ਲਿਆ ਸਤਿਗੁਰੂ ਜੀ ਵੀ ਆਪਣੀ ਪਿਆਰੀ ਭਗਤ ਉਸ ਬਜ਼ੁਰਗ ਮਾਤਾ ਨੂੰ ਦੋਵੇਂ ਬਾਹਾਂ ਖਲਾਰ ਗਲਵਕੜੀ ਪਾਈ। ਸੰਗਤ ਸਤਿਗੁਰੂ ਤੇ ਸਿੱਖ ਦਾ ਇਹ ਪਿਆਰ ਵੇਖ ਵੈਰਾਗੀ ਹੋ ਗਈ।ਸਤਿਗੁਰੂ ਜੀ ਡੇਰੇ ਆ ਕੇ ਹੀ ਪ੍ਰਸ਼ਾਦ ਛਕਿਆ।

**੧੩ ਜੂਨ ੨੦੧੬:** ਅਮ੍ਰਿਤ ਵੇਲੇ ਸਤਿਗੁਰੂ ਜੀ ਦੇ ਡੇਰੇ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਸਤਿਗੁਰੂ ਜੀ, ਬੀਬੀ ਜੀ, ਸਿੱਖਾਂ ਸੇਵਕਾਂ ਤੇ ਰਾਗੀ ਜਥੇ ਸਮੇਤ ਸਵਰਨਭੂਮੀ ਏਅਰਪੋਰਟ ਤੋਂ ਥਾਈ ਏਅਰਵੇਸ ਦੀ ਫਲਾਈਟ ਟੀ-ਜੀ ੧੦੬ ਰਾਹੀਂ ਚਿੰਗਮਈ ਸ਼ਹਿਰ ਵਿਖੇ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ। ਚਿੰਗਮਈ ਦੀ ਸੰਗਤ ਵੱਲੋਂ ਸਤਿਗੁਰੂ ਜੀ ਦਾ ਨਿੱਘਾ ਸਵਾਗਤ ਕੀਤਾ ਗਿਆ। ਡੇਰਾ ਸੰਤ ਅਛਰਜੀਤ ਸਿੰਘ ਚਾਵਲਾ ਦੇ ਗ੍ਰਹਿ ਵਿਖੇ ਏਅਰਪੋਰਟ ਤੋਂ ਜਾ ਉਤਾਰਾ ਕੀਤਾ। ਸੰਤ ਅਛਰਜੀਤ ਸਿੰਘ ਜੀ ਦਾ ਪ੍ਰੀਵਾਰ ਸਤਿਗੁਰੂ ਜੀ ਨਾਲ ਏਨਾ ਚਾਅ ਕਰਦਾ ਹੈ ਕਿ ਗੁਰੂ ਤੇ ਸਿੱਖ ਦੇ ਪਿਆਰ ਦੀ ਮਿਸਾਲ ਬਣ ਜਾਂਦੀ ਹੈ।ਇਥੇ ਹੀ ਪ੍ਰਸ਼ਾਦ ਪਾਣੀ ਛਕ ਸਤਿਗੁਰੂ ਜੀ ਨਾਮਧਾਰੀ ਪਰਿਵਾਰਾਂ ਦੀ ਅਰਜ ਬੇਨਤੀ ਤੇ ਉਹਨਾਂ ਦੇ ਘਰ ਚਰਨ ਪਾ ਠੀਕ ੬ ਵਜੇ ਸ਼ਾਮ ਦੇ ਨਿਤਨੇਮ ਵਿੱਚ ਨਾਮਧਾਰੀ ਧਰਮਸ਼ਾਲਾ ਪੁੱਜੇ। ਨਿਤਨੇਮ ਤੋਂ ਬਾਅਦ ਜਥੇਦਾਰ ਗੁਰਲਾਲ ਸਿੰਘ ਨੇ ਦੀਵਾਨ ਸਜਾਇਆ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਉਪਦੇਸ਼ ਬਖਸ਼ਦਿਆਂ ਜਿੱਥੇ ਨਾਮਧਾਰੀ ਪੰਥ ਦੀਆਂ ਕਦਰਾਂ ਕੀਮਤਾਂ ਵੱਲ ਪੱਕਿਆਂ ਹੋਣ ਲਈ ਦ੍ਰਿੜ ਕਰਵਾਇਆ ਓਥੇ ਮਾਤਾ ਜੀ ਦੀ ਸ਼ਹਾਦਤ ਦਾ ਵਰਨਣ ਕਰਦਿਆਂ ਹੁਕਮ ਕੀਤਾ ਕਿ ਪੰਥ ਕੁਰਬਾਨੀਆਂ ਤੋਂ ਬਣਦੇ ਹਨ ਇਹ ਸਤਿਗੁਰੂ ਰਾਮ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪੰਥ ਗੋਲੀਆਂ ਨਾਲ ਨਹੀਂ ਖਤਮ ਹੋ ਸਕਦਾ।ਆਪਣੇ ਬੱਚਿਆਂ ਨੂੰ ਪੰਜਾਬੀ ਪੜਾਇਆ ਕਰੋ ਤਾਂ ਕਿ ਉਹ ਬਾਣੀ ਪੜ ਕੇ ਸਮਝ ਸਕਣ ਤੇ ਸਿੱਖੀ ਵਿੱਚ ਰਹਿਣ। ਸੈਕਟਰੀ ਖਰਬੰਦਾ ਨੇ ਸਤਿਗੁਰੂ ਜੀ ਦੇ ਦਰਸ਼ਨ ਦੇਣ ਦਾ ਕੋਟਾਨ ਕੋਟ ਧੰਨਵਾਦ ਕੀਤਾ। ਸਾਧ ਸੰਗਤ ਨੇ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਸਤਿਗੁਰੂ ਜਗਜੀਤ ਸਿੰਘ ਜੀ ਦੇ ਅੰਗਰੇਜ਼ੀ ਅਨੁਵਾਦ ਪਵਿੱਤਰ ਉਪਦੇਸ਼ਾਂ ਦੀ ਕਿਤਾਬ ਤੇ ਨਾਮਧਾਰੀ ਨਿਤਨੇਮ ਦੇ ਗੁਟਕੇ ਵੀ ਲਏ।ਵਾਪਸੀ ਤੇ ਬੀਬੀ ਦਰਸ਼ਨਾਂ ਦੇ ਪ੍ਰੀਵਾਰ ਨੂੰ ਦਰਸ਼ਨ ਦੇ ਉਥੇ ਹੀ ਜਲ ਪਾਨ ਛਕ ਸਤਿਗੁਰੂ ਜੀ ਡੇਰੇ ਆ ਗਏ।

**੧੪ ਜੂਨ ੨੦੧੬ :**

*ਆਸਾੜੁ ਸੁਹੰਦਾ ਤਿਸੁ ਲਗੈ*
*ਜਿਸੁ ਮਨਿ ਹਰਿ ਚਰਣ ਨਿਵਾਸ॥*

ਅੱਜ ਹਾੜ੍ਹ ਦੇ ਮਹੀਨੇ ਦੀ ਸੰਗਰਾਂਦ ਵੀ ਸੀ ਅਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਗੁਰਲਾਲ ਸਿੰਘ, ਸੁਖਵਿੰਦਰ ਸਿੰਘ ਤੇ ਅਜੇਪਾਲ ਸਿੰਘ ਨੇ ਸੰਤ ਅਛਰਜੀਤ ਸਿੰਘ ਦੇ ਗ੍ਰਹਿ ਵਿਖੇ ਹੀ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਕੀਤਾ, ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਬਾਣੀ ਬਾਰਾਮਾਹਾ ਵਿੱਚੋਂ ਸ਼ਬਦ ਪੜਿਆ ਗਿਆ। ਸੁਖਵਿੰਦਰ ਸਿੰਘ ਲਾਇਲ ਨੇ ਸੰਤਾਂ ਦੇ ਪ੍ਰੀਵਾਰ ਵੱਲੋਂ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕਰਦਿਆਂ ਸੰਬੋਧਨ ਕੀਤਾ ਕਿ ਜਿਸ ਤਰਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਸਾਡੇ ਵੱਡਿਆਂ ਨੂੰ ਨਿਵਾਜ਼ਦੇ ਰਹੇ ਨੇ ਆਪ ਜੀ ਵੀ ਏਸੇ ਤਰਾਂ ਕਿਰਪਾ ਕਰ ਰਹੇ ਹੋ, ਆਪ ਜੀ ਦਾ ਬਖਸ਼ਿਆ ਦੁਨਿਆਵੀ ਪਦਾਰਥ ਬਹੁਤ ਹੈ ਸਿੱਖੀ ਵੀ ਸਦਾ ਹੀ ਮੇਰੇ ਪ੍ਰੀਵਾਰ ਨੂੰ

(ਬਾਕੀ ਸਫਾ 7 'ਤੇ)

# ਸ੍ਰੀ ਸਤਿਗੁਰੂ ਜੀ ਦਾ ਥਾਈਲੈਂਡ ਦੌਰਾ 2016...(ਬਾਕੀ ਸਫਾ 6 ਦੀ)



**ਸ੍ਰੀ ਸਤਿਗੁਰੂ ਜੀ ਚਿੰਗਮਈ ਬੈਂਕੋਕ ਵਿਖੇ ਆਪਣੇ ਸਿਖਾਂ ਪਿਆਰਿਆਂ ਦੀ ਅਰਜ਼ ਪ੍ਰਵਾਨ ਕਰ ਖੁਸ਼ੀਆਂ ਬਖਸ਼ਦੇ ਹੋਏ।**

ਬਖਸ਼ਣਾ ਸਾਰੀ ਚਿੰਗਮਈ ਦੀ ਸੰਗਤ ਤੇ ਕਿਰਪਾ ਕਰਨੀ ਤੇ ਜਲਦੀ ਜਲਦੀ ਦਰਸ਼ਨ ਦਿਆ ਕਰੋ ਜੀ। ਸ੍ਰੀ ਸਤਿਗੂਰੂ ਜੀ ਨੇ ਆਪਣਾ ਆਸ਼ੀਰਵਾਦ ਰੂਪੀ ਉਪਦੇਸ਼ ਬਖਸ਼ਿਆ। ਉਪਰੰਤ ਸਾਰੀ ਸੰਗਤ ਨੂੰ ਖੁਸ਼ੀਆਂ ਖੇੜੇ ਬਖਸ਼ ਸਤਿਗੁਰੂ ਜੀ ਬੀਬੀ ਜੀ ਤੇ ਸਿੱਖਾਂ ਸੇਵਕਾ ਸਮੇਤ ਹਵਾਈ ਜਹਾਜ ਰਾਹੀਂ ਵਾਪਸ ਬੈਂਕੋਕ ਸ਼ਾਮ ਨੂੰ ਨਿਤਨੇਮ ਵਿੱਚ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ।

**ਸ਼ਾਮ ਦਾ ਨਿਤਨੇਮ :** ਸ੍ਰੀ ਸਤਿਗੁਰੂ ਜੀ ਚਿੰਗਮਈ ਤੋ ਵਾਪਸੀ ਤੇ ਸਿੱਧਾ ਬੈਂਕੋਕ ਦੀ ਧਰਮਸ਼ਾਲਾ ਸੋਏ ਅਸੋਕ ਦਰਸ਼ਨ ਦਿੱਤੇ ਨਿਤਨੇਮ ਦੌਰਾਨ ਸੰਗਤ ਨੇ ਨਮਸਕਾਰਾਂ ਕੀਤੀਆਂ ਤੇ ਉਪਰੰਤ ਗੁਰਲਾਲ ਸਿੰਘ ਨੇ ਹੱਲੇ ਦਾ ਦੀਵਾਨ ਸਜਾਇਆ।

**ਨੌਜਵਾਨਾ ਨੂੰ ਨੇੜਤਾ :** ਸ੍ਰੀ ਹਜ਼ੂਰ ਬੈਂਕੌਕ ਦੀ ਨਵੀਂ ਪੀੜੀ ਪ੍ਰਤੀ ਖਾਸ ਕਰਕੇ ਬਹੁਤ ਚਿੰਤਤ ਹਨ। ਪਦਾਰਥਵਾਦ ਦੀ ਦੌੜ ਨੇ ਦਾੜੀਆਂ ਕੇਸਾਂ ਦਾ ਬੜਾ ਨੁਕਸਾਨ ਕੀਤਾ ਹੈ ਤੇ ਖਾਣ ਪਾਣ ਦੀ ਮਰਯਾਦਾ ਦਾ ਵੀ ਇਹੀ ਹਾਲ ਹੁੰਦਾ ਜਾ ਰਿਹਾ ਹੈ, ਖਾਸ ਕਰਕੇ ਵਿਆਹਾਂ ਵਿੱਚ ਫੇਰ ਕੁਰੀਤੀਆਂ ਭਰ ਰਹੀਆਂ ਨੇ ਜੋ ਚਿੰਤਾ ਦਾ ਵਿਸ਼ਾ ਹੈ।ਇਸੇ ਸਭ ਨੂੰ ਧਿਆਨ ਵਿੱਚ ਰੱਖਦਿਆਂ ਸਤਿਗੁਰੂ ਜੀ ਨੇ ਅੱਜ ਬੈਂਕੌਕ ਦੇ ਕੁਝ ਨੌਜਵਾਨਾਂ ਦੀ ਖਾਸ ਜ਼ਿੰਮੇਵਾਰੀ ਲਾ ਕੇ ਸ਼ਾਮ ਨੂੰ ਡੇਰੇ ਵਿਖੇ ਨੌਜਵਾਨ ਬੱਚੇ ਤੇ ਬੱਚੀਆਂ ਦੀ ਇਕੱਤਰਤਾ ਕੀਤੀ। ਉੱਦਮ ਕਰਨ ਵਾਲੇ ਨੌਜਵਾਨ ਸਨ ਗੁਰਦੇਵ ਸਿੰਘ, ਮੰਗਲਜੀਤ ਸਿੰਘ, ਮਹਿਲ ਸਿੰਘ, ਟਿੱਲੂ ਜੀ, ਮਾਨ ਸਿੰਘ, ਰਾਜੂ ਆਦਿ ਤਕਰੀਬਨ ੧●● ਤੋਂ ਉੱਪਰ ਦੀ ਇਸ ਇਕੱਤਰਤਾ ਵਿੱਚ ਸਤਿਗੁਰੂ ਜੀ ਸਾਰੇ ਨੌਜਵਾਨਾਂ ਦੇ ਵਿੱਚ ਬੈਠ ਉਹਨਾਂ ਨੂੰ ਆਪਣੀ ਨੇੜਤਾ ਬਖਸ਼ੀ ਤੇ ਅੰਗਰੇਜੀ ਵਿੱਚ ਆਪ ਉਹਨਾਂ ਨੂੰ ਇਸ ਇਕੱਤਰਤਾ ਬਾਰੇ ਜਾਣਕਾਰੀ ਦੇਂਦਿਆਂ ਹੋਇਆਂ ਹੁਕਮ ਕੀਤਾ ਕਿ ਮੇਰਾ ਇਥੇ ਤੁਹਾਨੂੰ ਬੁਲਾਉਣ ਦਾ ਮਤਲਬ ਇਹ ਹੈ ਕਿ ਤੁਸੀ ਲੋਕ ਗੁਰਦੁਆਰੇ ਜਾਂਦੇ ਹੋ ਜਾਂ ਰਿਸਤੇਦਾਰੀ ਦੇ ਪ੍ਰੋਗਰਾਮਾਂ ਕਾਰਨ ਜਾ ਕਦੇ ਮੂਹ ਲਿਹਾਜੀ ਕਾਰਨ ਪਰ ਕੀ ਤੁਹਾਨੂੰ ਉਥੇ ਜੋ ਹੁੰਦਾ ਹੈ ਉਸਦੀ ਸਮਝ ਆਉਂਦੀ ਹੈ ਕਿ ਨਹੀਂ, ਜੇ ਆਉਂਦੀ ਨਹੀ ਤਾਂ ਕੀ ਹੋਣਾ ਚਾਹੀਦਾ ਹੈ, ਕੀ ਹੋਣਾ ਚਾਹੀਦਾ ਹੈ ਜਿਸ ਨਾਲ ਤੁਸੀ ਹਰ ਹਫਤੇ ਮਿਲ ਜੁਲ ਕੇ ਬੈਠੋ ਤੇ ਨਿਤਨੇਮ ਕਰੋ ਖਾਸ ਕਰਕੇ ਨੌਜਵਾਨ। ਮੈਨੂੰ ਜਦੋਂ ਕਹੋ ਮੈਂ ਤੁਹਾਡੇ ਵਿੱਚ ਆ ਜਾਇਆ ਕਰਾਂਗਾ। ਪਰ ਤੁਸੀ ਉੱਦਮ ਕਰੋ ਪੈਸਾ ਤਾਂ ਆਉਂਦਾ ਜਾਂਦਾ ਰਹਿੰਦਾ ਹੈ ਪਰ ਸਿੱਖੀ ਦੀ ਕਮਾਈ ਸਭ ਤੋਂ ਉੱਤਮ ਹੈ। ਸਤਿਗੁਰੂ ਜਗਜੀਤ ਸਿੰਘ ਜੀ ਜਿੰਨੀ ਕਿਰਪਾ ਥਾਈਲੈਂਡ ਦੀ ਸੰਗਤ ਤੇ ਕੀਤੀ ਹੈ ਉਹ ਇੱਕ ਮਿਸਾਲ ਹੈ। ਸਤਿਗੁਰੂ ਜੀ ਤੋਂ ਬਾਅਦ ਬਹੁਤ ਸਾਰੇ ਨੌਜਵਾਨਾਂ ਨੇ ਆਪਣੇ ਵਿਚਾਰ ਥਾਈ ਤੇ ਅੰਗਰੇਜੀ ਭਾਸ਼ਾ ਵਿੱਚ ਰੱਖੇ। ਨੌਜਵਾਨਾਂ ਦੀ ਇਹ ਮੰਗ ਸੀ ਕਿ ਪਰਚਾਰਕ ਜਾ ਰਾਗੀ ਜੋ ਕੁਝ ਵੀ ਬੋਲਦੇ ਨੇ ਸਾਨੂੰ ਭਾਸ਼ਾ ਕਰਕੇ ਸਮਝ ਨਹੀ ਆਉਂਦੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਵਾਜੇ ਉਹਨਾਂ ਦੇ ਨਿੱਜੀ ਡਾਕਟਰ ਨਰਿੰਦਰ ਸਿੰਘ ਜੀ ਨੇ ਨੌਜਵਾਨਾਂ ਨੂੰ ਸੰਬੋਧਨ ਕਰ ਉਹਨਾਂ ਨੂੰ ਨਾਮਧਾਰੀ ਪੰਥ ਪ੍ਰਤੀ ਉਹਨਾ ਦੇ ਫਰਜਾਂ ਦੀ ਜਾਣਕਾਰੀ ਦਿੱਤੀ। ਸਤਿਗੁਰੂ ਜੀ ਹੁਕਮ ਕੀਤਾ ਕਿ ਤੁਸੀ ਲੋਕ ਉੱਦਮ ਕਰੋ ਤੇ ਭਾਸ਼ਾ ਦਾ ਉਲਥਾ ਕਰਨ ਦਾ ਯਤਨ ਕਰਿਆ ਕਰੋ ਜਿੰਨਾ ਚਿਰ ਤੁਹਾਨੂੰ ਪੰਜਾਬੀ ਨਹੀ ਆਉਂਦੀ। ਇੱਕ ਹੀ ਬੰਦੇ ਦੀ ਰੈਪੀਟੇਸ਼ਨ ਚੰਗੀ ਨਹੀ, ਤੁਹਾਡੇ ਚੋਂ ਇੱਕ ਦੋ ਨਹੀਂ ਸਾਰੇ ਹੀ ਬੁਲਾਰੇ ਹੋਣੇ ਚਾਹੀਦੇ ਨੇ ਤੁਸੀ ਉੱਦਮ ਕਰੋ। ਬੀਬੀਆਂ ਖਾਸ ਕਰਕੇ ਜੇ ਧਿਆਨ ਦੇਣ ਤਾਂ ਉਹਨਾਂ ਦੇ ਬੱਚੇ ਚੰਗੇ ਪਾਸੇ ਲੱਗੇ ਰਹਿਣਗੇ। ਨੌਜਵਾਨਾਂ ਦੇ ਚੇਹਰਿਆਂ ਤੇ ਇੱਕ ਖਾਸ ਚਮਕ ਸੀ ਤੇ ਉਮੀਦ ਦੀ ਕਿਰਨ ਸੀ ਕਿ ਥਾਈਲੈਂਡ ਦੇ ਨਾਮਧਾਰੀਆਂ ਦੇ ਸਿੱਖੀ ਜੀਵਨ ਦਾ ਭਵਿੱਖ ਸਤਿਗੁਰੂ ਉਦੈ ਸਿੰਘ ਜੀ ਦੀ ਛਤਰ ਛਾਇਆ ਹੇਠ ਖੂਬ ਤਰੱਕੀ ਕਰੇਗਾ। ਉਹਨਾਂ ਅਗਲੀ ਇਕੱਤਰਤਾ ਦੀ ਤਰੀਕ ਤੇ ਸਥਾਨ ਨੀਯਤ ਕਰ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਆਪ ਜੀ ਦੀ ਕਿਰਪਾ ਨਾਲ ਅਸੀਂ ਹੋਰ ਵੀ ਜੋਸ਼ ਨਾਲ ਵੱਧ ਗਿਣਤੀ ਵਿੱਚ ਇਕੱਠੇ ਹੋਵਾਂਗੇ। ਆਪ ਜਲਦੀ ਜਲਦੀ ਦਰਸ਼ਨ ਦੇਣ ਦੀ ਕਿਰਪਾਲਤਾ ਕਰਿਆ ਕਰੋ। ਸਤਿਗੁਰੂ ਜੀ ਸਭ ਨੂੰ ਖੁਸ਼ੀਆਂ ਬਖਸ਼ੀਆ ਅਤੇ ਸਮਾਪਤੀ ਤੇ ਸੇਵਕ ਆਸਾ ਸਿੰਘ ਨੇ ਹੁਕਮ ਅਨੁਸਾਰ ਅਰਦਾਸ ਕੀਤੀ।

**੧੫ ਜੂਨ ੨●੧੬ :** ਅੱਜ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਬੰਸ ਸਿੰਘ ਜੀ ਦੁਆਰਾ ਸਤਿਗਰੂ ਜੀ ਦੀ ਹਜ਼ੂਰੀ ਵਿੱਚ ਡੇਰੇ ਕੀਤਾ ਗਿਆ।ਵਾਰ ਤੋਂ ਬਾਅਦ ਸਤਿਗਰੂ ਜੀ ਸੰਗਤ ਦੀਆਂ ਅਰਜ਼ਾਂ ਸੁਣੀਆਂ।ਸਾਰੀ ਦਿਹਾੜੀ ਸੰਗਤ ਸਤਿਗੁਰੂ ਜੀ ਦੇ ਡੇਰੇ ਦਰਸ਼ਨ ਕਰਨ ਆਉਂਦੀ ਰਹੀ।

**ਸ਼ਾਮ ਦਾ ਨਿਤਨੇਮ** ਧਰਮਸਾਲਾ ਵਿੱਚ ਹੀ ਹੋਇਆ। ਸੁਖਵਿੰਦਰ ਸਿੰਘ, ਜ. ਗੁਰਲਾਲ ਸਿੰਘ, ਅਜੇਪਾਲ ਸਿੰਘ ਮਿਲ ਕੇ ਦੀਵਾਨ ਸਜਾਇਆ ਤੇ ਕਥਾ ਕੀਤੀ। ਉਪਰੰਤ ਹਰਜੀ ਸਿੰਘ ਨੇ ਮਾਤਾ ਜੀ ਦੀ ਯਾਦ ਵਿੱਚ ਇੱਕ ਕਵਿਤਾ ਪੜ ਸਾਰਾ ਮਾਹੌਲ ਵੈਰਾਗਮਈ ਕਰ ਦਿੱਤਾ।ਅਰਦਾਸ ਦੇ ਨਾਲ ਸਮਾਪਤੀ ਹੋਈ।ਸ਼ਾਮ ਡੇਰੇ ਵਿੱਚ ਸੇਠ ਸੁਰਅਮ੍ਰਿਤ ਸਿੰਘ ਹੋਰੀਂ ਤੇ ਹੋਰ ਕਈ ਪ੍ਰੀਵਾਰ ਉਚੇਚਿਆਂ ਸਤਿਗਰੂ ਜੀ ਦੇ ਦਰਸ਼ਨ ਕਰਨ ਆਏ। ਪ੍ਰਸ਼ਾਦ ਛਕਣ ਲੱਗਿਆਂ ਸਤਿਗੁਰੂ ਜੀ ਸਾਨੂੰ ਦੱਸਿਆ ਕਿ ਸੇਠ ਜੀ ਦੇ ਭਰਾ ਸੁਦਰਸ਼ਨ ਸਿੰਘ ਹੁਰਾਂ ਨੂੰ ਸਤਿਗਰੂ ਜਗਜੀਤ ਸਿੰਘ ਜੀ ਨੇ ਬੜੀਆਂ ਚਿੱਠੀਆਂ ਲਿਖ ਨਵਾਜਿਆ ਹੈ, ਸੇਠ ਹੁਰਾਂ ਅੱਗੇ ਵੀ ਮੈਨੂੰ ਚਿੱਠੀਆਂ ਦਿੱਤੀਆਂ ਸਨ ਅੱਜ ਵੀ ਸਤਿਗਰੂ ਜੀ ਦੀਆਂ ਕਈ ਚਿੱਠੀਆਂ ਦੀ ਕੁਲੈਕਸ਼ਨ ਲੈ ਕੇ ਆਏ ਸਨ।

**੧੬ ਜੂਨ ੨●੧੬ ਸਤਿਗਰੂ ਜੀ ਦੀ ਭਾਰਤ ਵਾਪਸੀ :** ਅੱਜ ਆਸਾ ਦੀ ਵਾਰ ਦਾ ਕੀਰਤਨ ਡੇਰੇ ਹੀ ਹੋਇਆ ਸੇਠ ਅਜੀਤ ਸਿੰਘ ਜੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਅੱਜ ਸ਼ਾਮ ਨੂੰ ਸਤਿਗੁਰੂ ਜੀ ਤੇ ਬੀਬੀ ਜੀ ਵਾਪਸ ਭਾਰਤ ਚਲੇ ਜਾਣਗੇ ਤੇ ਸ਼ਾਮ ਦਾ ਨਿਤਨੇਮ ਜਲਦੀ ੪ ਤੋਂ ੬ ਵਜੇ ਦੌਰਾਨ ਜਥੇਦਾਰ ਗੁਰਲਾਲ ਸਿੰਘ ਨੇ ਕਥਾ ਕੀਤੀ ਤੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਆਪਣੇ ਹਸਤ ਕੰਵਲਾਂ ਦੁਆਰਾ ਸਾਰੀ ਸੰਗਤ ਨੂੰ ਬੂੰਦੀ ਦਾ ਪ੍ਰਸ਼ਾਦ ਵਰਤਾਉਣ ਦੀ ਕਿਰਪਾ ਕੀਤੀ। ਸਤਿਗੁਰੂ ਜੀ ਦੇਸ਼ ਵਾਪਸ ਜਾ ਰਹੇ ਸਨ ਸਭ ਦਾ ਇੱਕੋ ਸਵਾਲ ਸੀ ਕਿ ਮੁੜ ਕਦ ਆਉਗੇ ਜੀ? ਨੌਜਵਾਨ ਖਾਸ ਕਰਕੇ ਸਤਿਗੁਰੂ ਜੀ ਦੇ ਜਲਦੀ ਦਰਸ਼ਨਾਂ ਦੀ ਆਸ ਤੇ ਆਪ ਜੀ ਨੂੰ ਵਿਦਾ ਕਰਨ ਲਈ ਆਏ ਸਨ। ਬੰਗਲੌਰ ਫਾਰਮ ਤੋਂ ਆਏ ਛੇ ਨੌਜਵਾਨ ਵੀ ਅੱਜ ਹੀ ਵਾਪਸ ਵਤਨਾਂ ਨੂੰ ਜਾ ਰਹੇ ਸਨ।ਸ੍ਰੀ ਮਾਤਾ ਚੰਦ ਕੌਰ ਜੀ ਤੋਂ ਬਾਅਦ ਬਹੁਤ ਸਾਰੀਆਂ ਫੈਲੀਆਂ ਝੂਠੀਆਂ ਅਫਵਾਹਾਂ ਦੇ ਸਵਾਲਾਂ ਦਾ ਜਵਾਬ ਸਤਿਗੁਰੂ ਜੀ ਦਾ ਪਾਵਨ ਦਰਸ਼ਨ ਸੀ।
**ਸਤਿਗੁਰ ਦਰਸਨਿ ਅਗਨਿ ਨਿਵਾਰੀ॥** ਵਾਲੀ ਗੱਲ ਹੋਈ ਸੀ।ਸੰਗਤ ਨੂੰ ਆਸਰਾ ਮਿਲਿਆ ਸੀ, ਧੀਰ ਬੱਝਾ ਸੀ ਸਤਿਗੁਰੂ ਜੀ ਦੇ ਦਰਸ਼ਨਾ ਨਾਲ। ਸਿੱਖ ਦਾ ਹਿਰਦਾ ਸਿਰਫ ਆਪਣੇ ਸਤਿਗੁਰੂ ਦੇ ਦਰਸ਼ਨ ਕਰਨ ਉਸਦੀ ਰਸਨਾ ਤੋਂ ਮਿੱਠੇ ਬੋਲ ਸੁਣ ਹੀ ਸ਼ਾਂਤ ਹੁੰਦਾ। ਧੀਰਜ, ਸ਼ਾਂਤੀ ਤੇ ਖਿਮਾ ਦੇ ਪੁੰਜ, ਨੌਜਵਾਨਾਂ ਦੇ ਦਿਲਾਂ ਦੀ ਧੜਕਨ ਸਤਿਗੁਰੂ ਉਦੈ ਸਿੰਘ ਜੀ ਜਦੋਂ ਗੱਡੀ ਚ ਬੈਠਣ ਲੱਗੇ ਤਾਂ ਇੱਕ ਮਾਤਾ ਨੇ ਸਵਾਲ ਕੀਤਾ ਜੀ ਹੁਣ ਕਦੋਂ ਆਉਗੇ?ਸਤਿਗੁਰੂ ਜੀ ਹੁਕਮ ਕੀਤਾ ਕਿ ਜਦੋਂ ਸਤਿਗੁਰੂ ਜੀ ਭੇਜਣਗੇ, ਮਾਈ ਫੇਰ ਆਖਿਆ ਜੀ ਸਤਿਗੁਰੂ ਜੀ ਤਾਂ ਆਪ ਹੀ ਹੋ, ਪਾਤਿਸ਼ਾਹ ਹੁਕਮ ਕੀਤਾ ਜਦੋਂ ਮੇਰਾ ਮਾਲਕ ਸਤਿਗੁਰੂ ਜਗਜੀਤ ਸਿੰਘ ਹੁਕਮ ਕਰੇਗਾ ਮੈ ਫੇਰ ਆਵਾਂਗਾ, ਆਖ ਏਅਰਪੋਰਟ ਨੂੰ ਕਮਰਕੱਸੇ ਕੀਤੇ। ਅਗਲੇ ਦਿਨ ਸ਼ਾਮ ਦੀ ਫਲਾਈਟ ਤੇ ਅਸੀਂ ਸਾਰੇ ਸੇਵਕ ਵੀ ਵਾਪਸ ਵਤਨਾਂ ਨੂੰ ਆ ਗਏ।

**ਸੁਖਵਿੰਦਰ ਸਿੰਘ ਲਾਇਲ**

# ਪਿੰਡ ਸਿਆੜ ਵਿਖੇ ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਦਾ ਮੇਲਾ

ਨਾਮਧਾਰੀ ਇਤਿਹਾਸ ਅੰਦਰ ਆਪਣੀ ਵਿਸ਼ੇਸ਼ ਥਾਂ ਰਖਦਾ ਹੈ ਜ਼ਿਲਾ ਲੁਧਿਆਣਾ ਦਾ ਪਿੰਡ ਸਿਆੜ। ਕਿਉਂਕਿ ਇਸ ਨਗਰ ਨੂੰ ਜੁਗ ਪਲਟਾਉ ਰਹਿਬਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਦੇ ਨਾਲ ਨਾਲ ਸ੍ਰੀ ਸਤਿਗੁਰੁ ਰਾਮ ਸਿੰਘ ਜੀ ਦੀ ਕਰਮ ਭੂਮੀ ਹੋਣ ਦਾ ਮਾਣ ਵੀ ਹਾਸਿਲ ਹੈ। 1 ਜੂਨ 1863 ਈ. ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਿੰਡ ਸਿਆੜ ਵਿਖੇ ਹੀ ਬੀਬੀਆਂ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਦੇ ਕੇ ਪੰਜ ਕਕਾਰਾਂ ਦੇ ਧਾਰਨੀ ਕਰ ਮਰਦਾਂ ਦੇ ਬਰਾਬਰ ਦਾ ਰੁਤਬਾਂ ਬਖਸ਼ਿਆ। ਔਰਤ ਜਾਤੀ ਤੇ ਕੀਤੇ ਇਸ ਮਹਾਨ ਪਰਉਪਕਾਰ ਨੂੰ ਯਾਦ ਕਰਦਿਆਂ ਹੋਇਆ ਨਾਮਧਾਰੀ ਪੰਥ ਦੇ ਮੌਜੂਦ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਹੁਕਮ ਅਨੁਸਾਰ ਪਿੰਡ ਸਿਆੜ ਵਿਖੇ 1 ਜੂਨ 2016 ਦਿਨ ਬੁਧਵਾਰ ਨੂੰ ਇਕ ਮਹਾਨ ਸਮਾਗਮ ਕੀਤਾ ਗਿਆ। ਜਿਸ ਵਿਚ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸਥਾਨਕ ਜਥੇ ਸੰਤ ਪਾਲ ਸਿੰਘ, ਸੰਤ ਉਜਾਗਰ ਸਿੰਘ ਕਾਨੂੰਗੋ ਤੇ ਦਰਬਾਰਾ ਸਿੰਘ ਨੇ ਕੀਤਾ। ਉਪਰੰਤ ਕਵੀਸ਼ਰ ਗੁਰਸੇਵਕ ਸਿੰਘ ਸ੍ਰੀ ਭੈਣੀ ਸਾਹਿਬ ਨੇ ਕਵੀਸ਼ਰੀ ਪ੍ਰਸੰਗ ਪੇਸ਼ ਕੀਤਾ। ਸ੍ਰੀ ਭੈਣੀ ਸਾਹਿਬ ਤੋਂ ਹੀ ਜਥੇਦਾਰ ਗੁਰਲਾਲ ਸਿੰਘ ਨੇ ਨਾਮਧਾਰੀ ਪੰਥ ਦੀ ਪੰਪਰਾਗਤ ਸ਼ੈਲੀ ਹੱਲੇ ਦੇ ਦਿਵਾਨ ਵਿਚ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦਾ ਪ੍ਰਸੰਗ ਵਿਸਥਾਰ ਪੂਰਵਕ ਪੇਸ਼ ਕੀਤਾ। ਭੋਗ ਸਮੇਂ ਪਵਿੱਤਰ ਗੁਰਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ ਸ੍ਰੀ ਭੈਣੀ ਸਾਹਿਬ ਤੋਂ ਅਤੇ ਲੁਧਿਆਣਾ ਤੋਂ ਸਾਧ ਸੰਗਤ ਹੁੰਮ ਹੁਮਾ ਕੇ ਉਚੇਚੇ ਤੌਰ ਤੇ ਇਸ ਪ੍ਰੋਗਰਾਮ ਵਿਚ ਹਾਜ਼ਰ ਹੋਈ। ਲੁਧਿਆਣਾ ਤੋਂ ਸੂਬਾ ਹਰਭਜਨ ਸਿੰਘ ਨੇ ਆਪਣੇ ਵਿਚਾਰ ਰਖੇ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਉਕਪਾਰਾਂ ਦਾ ਵਰਨਣ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤਾ। ਬੀਬੀ ਸੁਖਜੀਤ ਕੌਰ, ਬੀਬੀ ਅਮਰਜੀਤ ਕੌਰ ਦੇ ਜਥੇ ਨੇ ਉਚੇਚੇ ਤੌਰ ਤੇ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਜਿਸ ਵਿਚ ਅੱਜ ਦੇ ਦਿਨ ਤੇ ਸੈਂਕੜੇ ਬੀਬੀਆਂ ਨੇ ਹਾਜ਼ਰੀ ਭਰੀ ਅਤੇ ਗੁਰਬਾਣੀ ਸ਼ਬਦ ਗਾਇਨ ਕੀਤੇ। ਅੱਜ ਦੇ ਸਮਾਗਮ ਵਿਚ ਸਰਪੰਚ ਕਮਲਜੀਤ ਸਿੰਘ ਸਿਆੜ, ਪਾਲਾ ਸਿੰਘ ਸਿਆੜ, ਕਾਨੂੰਗੋ ਉਜਾਗਰ ਸਿੰਘ, ਸਾਧੂ ਸਿੰਘ, ਕਮਲਜੀਤ ਸਿੰਘ ਕਿਲੇ ਵਾਲਾ, ਬਾਬਾ ਸੇਵਾ ਸਿੰਘ, ਰਣਜੀਤ ਸਿੰਘ, ਜਗਤਾਰ ਸਿੰਘ ਸਿਆਨ, ਤਰਲੋਚਨ ਸਿੰਘ, ਸੂਬਾ ਨਿਰੰਜਨ ਸਿੰਘ ਟਮਕੋਦੀ, ਗਿਆਨੀ ਜੋਗਿੰਦਰ ਸਿੰਘ, ਗੁਰਮੁਖ ਸਿੰਘ ਰਹਿਬਰ, ਭੁਪਿੰਦਰ ਸਿੰਘ ਮਹੰਤ ਮਲੇਰਕੋਟਲਾ, ਤਰਸੇਮ ਸਿੰਘ ਅਤੇ ਪਿੰਡ ਚੱਕ ਕੂਕਿਆਂ ਦਾ, ਪਿੰਡ ਝੱਲ ਅਤੇ ਭੱਟੀਆਂ ਕਲਾਂ ਤੋਂ ਸਾਧ ਸੰਗਤ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ। ਸ੍ਰੀ ਭੈਣੀ ਸਾਹਿਬ ਤੋਂ ਆਏ ਲਾਂਗਰੀ ਸਿੰਘਾਂ ਵਲੋਂ ਤਿਆਰ ਕੀਤਾ ਗੁਰੂ ਕਾ ਲੰਗਰ ਅਤੁੱਟ ਵਰਤਿਆ।

**–ਸੂਬਾ ਬਲਵਿੰਦਰ ਸਿੰਘ ਝੱਲ**





**ਬੀਬੀਆਂ ਵਲੋਂ ਕਢੇ ਨਗਰ ਕੀਰਤਨ ਦਾ ਦ੍ਰਿਸ਼।**





**ਪਿੰਡ ਸਿਆੜ ਮੇਲੇ ਸਮੇਂ ਹਾਜ਼ਰ ਸਿੰਘ ਅਤੇ ਬੀਬੀਆਂ।**

Date of Publication: 22/06/2016, Date of Posting: 23-24/06/2016
Posted at PSO New Delhi-110001
RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17




ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਦਿੱਲੀ ਵਿਖੇ ਸ੍ਰੀ ਸਤਿਗੁਰੂ ਜੀ ਥਾਈਲੈਂਡ ਰਵਾਨਗੀ ਤੋਂ ਪਹਿਲਾਂ ਆਸਾ ਦੀ ਵਾਰ ਵਿੱਚ ਦਰਸ਼ਨ ਦੇਂਦੇ ਹੋਏ -੧੦ ਜੂਨ ੨੦੧੬



ਸ੍ਰੀ ਸਤਿਗੁਰੂ ਜੀ ਪਾਸੋਂ ਬੂੰਦੀ ਦਾ ਪ੍ਰਸ਼ਾਦ ਪ੍ਰਾਪਤ ਕਰ ਆਪਣੇ ਧਨ ਭਾਗ ਸਮਝਦੀ ਥਾਈਲੈਂਡ ਦੀ ਸਾਧ-ਸੰਗਤ ।



ਨੈਸ਼ਨਲ ਪਾਰਕ ਚਿੰਗਮਈ (ਥਾਈਲੈਂਡ) ਵਿਖੇ ਸਿੱਖਾਂ ਸੇਵਕਾਂ ਨੂੰ ਨਿਵਾਜਦੇ ਸ੍ਰੀ ਸਤਿਗੁਰੂ ਜੀ ।



ਸ੍ਰੀ ਸਤਿਗੁਰੂ ਜੀ ਥਾਈਲੈਂਡ ਵਿਖੇ ਸੇਠ ਮਹਿਤਾਬ ਸਿੰਘ ਅਤੇ ਬੀਬੀ ਕੰਵਲਜੀਤ ਕੌਰ
ਦੇ ਪਰਵਾਰ ਤੇ ਖ਼ੁਸ਼ੀਆਂ ਬਖ਼ਸ਼ਦੇ ਹੋਏ ।



ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਸਮੇਂ ਸੰਤ ਮਹਿੰਦਰ ਸਿੰਘ ਪ੍ਰੀਤ (ਥਾਈਲੈਂਡ)
ਦਾ ਪਰਵਾਰ ਆਪ ਜੀ ਦਾ ਸ਼ੁਕਰਾਨਾ ਕਰਦਾ ਹੋਇਆ ।



ਸਾਊਥਾਲ ਯੂ.ਕੇ. ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੇਲੇ ਸਮੇਂ ਉਸਤਾਦ ਹਰਭਜਨ ਸਿੰਘ,
ਉਸਤਾਦ ਗੁਰਦੇਵ ਸਿੰਘ, ਉਸਤਾਦ ਸੁਰਜੀਤ ਸਿੰਘ ਅਤੇ ਸੰਤ ਸਰਬਜੀਤ ਸਿੰਘ ਕੀਰਤਨ ਕਰਦੇ ਹੋਏ ।




ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਦੀ ਕਿਰਪਾ,
ਪਿੰਡ ਸਿਆੜ੍ਹ ਵਿੱਖੇ ੧ ਜੂਨ ੨੦੧੬ ਨੂੰ ਬੀਬੀਆਂ ਮੇਲੇ ਸਮੇਂ ਆਪਣੀ ਹਾਜ਼ਰੀ ਭਰਦੀਆਂ ਹੋਈਆ ।

Subscriber's Address

Type setting by: CADCON
Designed by : Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 5.24 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 7.22 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 17 of 23 June 2016